ਜੁਲਾਈ ੧੯੯੧
੧/੫੦

# ਭੈਣੇ ਸਾਵਣ ਆਇਆ

ਮੋਰੀ ਰੁਣ ਝੁਣ ਲਾਇਆ। ਭੈਣੇ ਸਾਵਣ ਆਇਆ।
ਤੇਰੇ ਮੁੰਧੇ ਕਟਾਰੇ ਜੇਵਡਾ, ਤਿਨਿ ਲੋਭੀ ਲੋਭ ਲੁਭਾਇਆ।
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ, ਤੇਰੇ ਨਾਮ ਵਿਟਹੁ ਕੁਰਬਾਣੋ,
ਜਾ ਤੂੰ ਤਾ ਮੈ ਮਾਣੁ ਕੀਆ ਹੈ, ਤੁਧੁ ਬਿਨੁ ਕੇਹਾ ਮੇਰਾ ਮਾਣੋ ॥
ਚੂੜਾ ਭੰਨੁ ਪਲੰਘ ਸਿਉ ਮੁੰਦੇ ਸਣੁ ਬਾਹੀ ਸਣੁ ਬਾਹਾ ॥
ਏਤੇ ਵੇਸ ਕਰੇਦੀਏ ਮੁੰਧੇ, ਸਹੁ ਰਾਤੋ ਅਵਰਾਹਾ ॥
ਨਾ ਮਨੀਆਰੁ ਨਾ ਚੂੜੀਆ ਨਾ ਸੇ ਵੰਗੁੜੀਆਹਾ ॥
ਜੋ ਸਹਿ ਕੰਠਿ ਨ ਲਗੀਆ, ਜਲਨੁ ਸੇ ਬਾਹੜੀਆਹਾ ॥
ਸਭਿ ਸਹੀਆ ਸਹੁ ਰਾਵਣਿ ਗਈਆ, ਹਉ ਦਾਧੀ ਕੈ ਦਰਿ ਜਾਵਾ ॥
ਅੰਮਾਲੀ ਹਉ ਖਰੀ ਸੁਚਜੀ, ਤੈ ਸਹ ਏਕਿ ਨਾ ਭਾਵਾ ॥
ਮਾਠਿ ਗੁੰਦਾਈ ਪਟੀਆ, ਭਰੀਐ ਮਾਗ ਸੰਧੂਰੇ ॥
ਅਗੈ ਗਈ ਨ ਮੰਨੀਆ, ਮਰਉ ਵਿਸੂਰਿ ਵਿਸੂਰੇ ॥
ਮੈ ਰੋਵੰਦੀ ਸਭੁ ਜਗੁ ਰੁਨਾ, ਰੁੰਨੜੇ ਵਣਹੁ ਪੰਖੇਰੂ
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥
ਸੁਪਨੈ ਆਇਆ ਭੀ ਗਿਆ, ਮੈ ਜਲੁ ਭਰਿਆ ਰੋਇ ॥
ਆਇ ਨ ਸਕਾ ਤੁਝ ਕਨਿ ਪਿਆਰੇ, ਭੇਜਿ ਨ ਸਕਾ ਕੋਇ ॥
ਆਉ ਸਭਾਗੀ ਨੀਦੜੀਏ, ਮਤੁ ਸਹੁ ਦੇਖਾ ਸੋਇ ॥
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ. ॥
ਸੀਸੁ ਵਢੇ ਕਰਿ ਬੈਸਣੁ ਦੀਜੈ, ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥

(ਵਡਹੰਸ ਮਹਲਾ ੧ ਘਰ ੨)

Sri Satguru Jagjit Singh Ji Elibrary NamdhariElibrary@gmail.com

WITH COMPLIMENTS

FROM

**Bliss**

THE GUEST HOUSE

11/10 Pusa Road,

NEW DELHI-110005.

Phone : 589596

AIR CONDITIONED

AND

NON AIR CONDITIONED ROOMS

HALLS FOR MARRIAGES,

RECEPTIONS & CONFERENCES

24 HOURS ROOM SERVICE

TELEPHONE

IN EVERY ROOM

*GOLDEN HOLIDAYS*

*Present*

*most exciting and high value tours to*

- THAILAND
- MALAYASIA
- SINGAPORE
- HONGKONG
- PHILLIPINES
- JAPAN
- EUROPE AND
- U. S. A.

*for details, please contact operators :*

**Kwick Travels Pvt. Ltd.**

6/85, W.E.A. Karol Bagh,

NEW DELHI-110005.

**Phones : 562588 ; 569206**

**Cable : KWICKAIR**



Sri Satguru Jagjit Singh Ji Elibrary NamdhariElibrary@gmail.com

# ਪ੍ਰਤੀਕ੍ਰਿਆ

ਮੈਨੂੰ ਏਥੇ ਆਇਆਂ ਤਕਰੀਬਨ ਇਕ ਮਹੀਨਾ ਹੋ ਗਿਆ ਹੈ। ਮੌਸਮ ਬਹੁਤ ਵਧੀਆ ਅਤੇ ਠੰਡਾ ਹੈ। ਕਦੇ ਏਥੇ ਮੇਰੇ ਕੋਲ ਦਰਸ਼ਨ ਦਿਓ।

ਦੋ ਕੁ ਹਫਤੇ ਹੋਏ ਮੇਰੀ ਬੇਟੀ (ਨੂੰਹ) ਵਰਿਆਮ ਦਾ ਵਿਸਾਖੀ ਨੰਬਰ ਲੈ ਕੇ ਕੋਹੀਮਾ ਪਹੁੰਚੀ। ਕਲ੍ਹ ਮੈਂ ਵੇਹਲ ਕੱਢ ਸਾਰੇ ਦਾ ਸਾਰਾ ਵਰਿਆਮ ਪੜ੍ਹ ਲਿਆ ਏ ਇਥੋਂ ਤੱਕ ਕਿ ਹਰ ਇਸ਼ਤਿਹਾਰ ਵੀ ਚੰਗੀ ਤਰ੍ਹਾਂ ਪੜ੍ਹਿਆ।

ਕਵੀ ਜੀ ਦੀ ਡਾਇਰੀ ਮੈਂ ਸਭ ਤੋਂ ਪਹਿਲਾਂ ਪੜ੍ਹੀ। ਲੰਮੀ ਹੋਣ ਦੇ ਬਾਵਜੂਦ ਮੈਨੂੰ ਉਕੇਵਾਂ ਮਹਿਸੂਸ ਨਾ ਹੋਇਆ ਤੇ ਸਿਨਮਾ ਦੀ ਰੀਲ ਵਾਂਗ ਸਾਰੇ ਦ੍ਰਿਸ਼ ਮੇਰੇ ਸਾਹਮਣੇ ਆਉਂਦੇ ਗਏ। ਮੇਰੇ ਵਲੋਂ ਕਵੀ ਜੀ ਨੂੰ ਮੁਬਾਰਕਾਂ।

ਵਿਰਦੀ ਦੀਆਂ ਦੋਵੇਂ ਰਚਨਾਵਾਂ ਸਵਾਦਲੀਆਂ ਸਨ ਪਰ ਮੈਨੂੰ ਤੁਹਾਡੀ ਲਿਖੀ 'ਗੁਣੀ ਜਨ' ਆਪ ਬੀਤੀ ਕਹਾਣੀ ਬਹੁਤ ਪਸੰਦ ਆਈ ਤੇ ਮੈਨੂੰ ਜਾਪਿਆ ਜਿਵੇਂ ਇਹ ਘਟਨਾ ਮੇਰੇ ਨਾਲ ਬੀਤੀ ਹੋਵੇ। ਵਧਾਈ ਹੋਵੇ।

ਮੈਨੂੰ ਖਿਮਾ ਕਰਨਾ ਕਿੰਨੀ ਦੇਰ ਤੋਂ ਮੈਂ ਵਰਿਆਮ ਦੀ ਸੇਵਾ ਨਹੀਂ ਕਰ ਸਕਿਆ ਕਿਉਂਕਿ ਸਾਰੇ ਰੁਝੇਵੇਂ ਨਾਵਲਾਂ ਵਲ ਹੋ ਗਏ ਹਨ। ਜੀਉਂਦੇ ਆਦਮੀ ਦਾ ਦੂਜਾ ਹਿੱਸਾ ਵੀ ਲਿਖ ਰਿਹਾ ਹਾਂ ਤੇ ਇਸ ਦੇ ਦੋ ਚੈਪਟਰ ਆਰਸੀ ਵਿਚ ਛਪ ਚੁੱਕੇ ਹਨ।

ਬੂਟਾ ਸਿੰਘ
ਕੋਹੀਮਾ ਟਾਊਨ (ਨਾਗਾਲੈਂਡ)

—0—

ਵਰਿਆਮ ਦਾ ਸ: ਪ੍ਰੀਤਮ ਸਿੰਘ ਕਵੀ ਲਿਖਤ "ਬੀਤੇ ਦੀਆਂ ਪੈੜਾਂ" ਲੜੀਵਾਰ ਲੇਖ ਕਾਫੀ ਰੌਚਕ ਹੈ। ਇਸਨੂੰ ਪੜ੍ਹ ਕੇ ਕਈ ਬੀਤੀਆਂ ਯਾਦਾਂ ਮੁੜ ਤਾਜ਼ਾ ਹੋ ਜਾਂਦੀਆਂ ਹਨ। ਅਪ੍ਰੈਲ ਅੰਕ ਵਿਚ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਸਾਬਕਾ ਪ੍ਰਧਾਨ ਸਵਰਗੀ ਸ: ਪ੍ਰੀਤਮ ਸਿੰਘ ਹੋਰਾਂ ਦਾ ਜ਼ਿਕਰ "ਬੀਤੇ ਦੀਆਂ ਪੈੜਾਂ ਵਿਚ ਪੜ੍ਹ ਕੇ ਅਤੇ ਉਹਨਾਂ ਦੀ ਤਸਵੀਰ ਵੇਖ ਕੇ ਉਹਨਾਂ ਦੀ ਯਾਦ ਤਾਜ਼ਾ ਹੋ ਗਈ।

ਤਰਨ ਸਿੰਘ ਤਰੁਣ
ਜੰਮੂ ਤਵੀ

ਵਰਿਆਮ ਮਈ ਮਹੀਨੇ ਦਾ ਵੀ ਯਾਦਗਾਰੀ ਅੰਕ ਹੈ। ਕਿਸੇ ਵੇਲੇ ਇਸ ਨੂੰ ਲੱਭਣ ਦੀ ਲੋੜ ਭਾਸੀ ਤਾਂ ਮਿਲਣਾ ਕਠਿਨ ਹੋ ਜਾਵੇਗਾ। ਸੰਭਾਲ ਕੇ ਰਖਣ ਵਾਲਾ ਹੈ। ਇਹ ਅੰਕ ਵਤਨਾਂ ਦੀ ਯਾਦ ਕਰਾਂਦਾ ਹੈ। ਮੁਹੰਮਦ ਅਕਰਮ ਸਈਦ ਦੀਆਂ

ਆ ਗਈਆ ਨੇ
ਖੁਸ਼ਬੋਆਂ ਦੇ ਹੁਲੇ ਲੈ-ਕੇ
ਚੇਤਰ ਰੁਤਾਂ

ਨੇ ਮਨ ਅੰਦਰੋਂ ਬਾਹਰੋਂ ਖੁਸ਼ਬੋਆਂ ਨਾਲ ਭਰਪੂਰ ਕਰ ਦਿਤਾ ਹੈ ਤੇ ਇਕ ਦਮ ਪਾਸਪੋਰਟਾਂ ਦੇ ਜਾਲ ਤੋੜ ਕੇ ਬਾਲ ਕਾਲ ਦੇ ਖੇਡਣ ਵਾਲੇ ਕਲਰਾਂ ਵਿਚ ਸਾਦਕ ਤੇ ਗਫੂਰ ਨੂੰ ਢੂੰਡਣ ਲਗ ਪਿਆ ਏ।

ਨਿਹਾਲ ਸਿੰਘ (ਮਾਸਟਰ)
ਸ੍ਰੀ ਭੈਣੀ ਸਾਹਿਬ

—0—

ਪ੍ਰੇਮ ਗੋਰਖੀ ਦੀ ਕਹਾਣੀ ਤੇ ਜਿਹਲਮ ਬਾਰੇ ਪਸੰਦ ਆਇਆ।

ਮੁਖਤਾਰ ਗਿੱਲ
ਪ੍ਰੀਤ ਨਗਰ ਅੰਮ੍ਰਿਤਸਰ

—0—

ਮਾਰਚ ਮਈ ਤੇ ਜੂਨ ਦੇ ਅੰਕ ਬਹੁਤ ਹੀ ਪਸੰਦ ਆਏ। ਪ੍ਰਧਾਨ ਮੰਤਰੀ ਸਨਮਾਨ ਸਮਾਗਮ ਦੀ ਰਿਪੋਰਟ ਤਸਵੀਰਾਂ ਨਾਲ ਬਹੁਤ ਹੀ ਪਸੰਦ ਆਈ। ਵਗਦੇ ਪਾਣੀ ਸਚਮੁਚ ਹੀ ਵਰਿਆਮ ਵਿਚ ਵਗਦੇ ਜਾਪੇ। ਵਿਰਦੀ ਜੀ ਦੀ ਲਿਖਣ ਸ਼ੈਲੀ ਬੇ-ਹੱਦ ਪ੍ਰਭਾਵਸ਼ਾਲੀ ਹੈ। ਗੋਰਖੀ ਦੀ ਕਹਾਣੀ ਬੇਗਾਨਾ ਪਿੰਡ ਵੀ ਠੀਕ ਸੀ। ਬੀਤੇ ਦੀਆਂ ਪੈੜਾਂ, ਬੀਤੇ ਦੀਆਂ ਯਾਦਾਂ ਨਾਲ ਹਲੂਣਦੀ ਹੈ। ਬੀਤ ਚੁਕੇ ਨੂੰ ਯਾਦ ਕਰਵਾਉਂਦੀ ਹੈ।...

ਇਕ ਸੁਝਾਅ ਲਿਖ ਰਿਹਾ ਹਾਂ। ਹਰ ਅੰਕ ਵਿਚ ਇਕ ਹੋਰ ਸਥਾਈ ਫੀਚਰ ਸ਼ੁਰੂ ਕੀਤਾ ਜਾਵੇ ਜਿਸ ਵਿਚ ਨਾਮਧਾਰੀ ਲੇਖਕਾਂ ਦੀ ਜ਼ਿੰਦਗੀ ਅਤੇ ਉਹਨਾਂ ਦੀਆਂ ਰਚਨਾਵਾਂ ਬਾਰੇ ਵੇਰਵੇ ਸਹਿਤ ਜਾਣਕਾਰੀ ਦਿਤੀ ਜਾਵੇ ਤਾਂ ਜੋ ਆਉਂਦੀ ਪਨੀਰੀ ਨੂੰ ਉਹ ਲਿਖਤਾਂ ਪੜ੍ਹਣ ਨੂੰ ਮਿਲਣ ਤੇ ਆਪਣੇ ਇਤਿਹਾਸ ਤੋਂ ਜਾਣੂ ਹੋ ਸਕਣ।

ਬਲਵਿੰਦਰ ਸਿੰਘ ਉਪਲ
ਕੋਟਲੀ ਕੂੰਡਾ ਵੱਢ (ਸਰਸਾ)

—0—



Sri Satguru Jagjit Singh Ji Elibrary NamdhariElibrary@gmail.com

ਜੂਨ ਮਹੀਨੇ ਦਾ ਵਰਿਆਮ ਜੇਲ ਵਿਚ ਬੈਠ ਕੇ ਪੜ੍ਹਿਆ ਏ। ਬਾਕੀ ਇਕ ਇਕ ਸ਼ਬਦ ਪੜ੍ਹਿਆ ਏ। ਬੀਤੇ ਦੀਆਂ ਪੈੜਾਂ ਪੜ੍ਹ ਕੇ ਕਵੀ ਜੀ ਦੀ ਯਾਦ ਬਾਰ ਬਾਰ ਆਉਂਦੀ ਹੈ ਤੇ ਅਨੇਕ ਵਾਰੀ ਸਤਿਗੁਰੂ ਜੀ ਦੇ ਦਰਸ਼ਨ ਹੋਏ ਹਨ। ਬਹੁਤ ਸਾਰਾ ਮਜ਼ਾ ਲਿਆ ਏ। ਖਾਲਿਦ ਹੁਸੈਨ ਦੀ ਸਿਰਫ ਕਵਿਤਾ ਪੜ੍ਹੀ ਸੀ। ਲਾੜਾ ਬਹੁਤ ਸੋਹਣਾ ਲਿਖਿਆ ਲੇਖ ਏ। ਸਾਰੇ ਭੈਣੀ ਸਾਹਿਬ ਦੇ ਦਰਸ਼ਨ ਹੋ ਜਾਂਦੇ ਹਨ। ਲਾੜਾ ਲੇਖ ਪੜ੍ਹਕੇ। ਵਿਰਦੀ ਦੇ ਦੋਵੇਂ ਲੇਖ ਪੜ੍ਹੇ ਤੇ ਕਵੀ ਜੀ ਦੇ ਭੂਤਰ ਵਿਚ ਦਰਸ਼ਨ ਬਾਜਵੇ ਦੇ ਕੈਮਰੇ ਨੇ ਕਰਵਾ ਦਿਤੇ ਸੀ। ਸ਼ਿਵ ਕੁਮਾਰ ਸ਼ਰਮਾ ਵਾਲਾ ਲੇਖ ਪੜ੍ਹ ਕੇ ਸੰਤੂਰ ਸਾਜ਼ ਦਾ ਪਤਾ ਲਗਿਆ ਏ ਜਿਹੜਾ ਜੰਮੂ ਕਸ਼ਮੀਰ ਦਾ ਬਹੁਤ ਪੁਰਾਣਾ ਸਾਜ਼ ਏ। ਮਹਾਰਾਜਾ ਰਣਜੀਤ ਸਿੰਘ ਵਾਲਾ ਵੀ ਲੇਖ ਬਹੁਤ ਚੰਗਾ ਏ। ਇਸ ਕਰਕੇ ਸਾਰਾ ਹੀ ਵਰਿਆਮ ਪੜ੍ਹ ਕੇ ਬਹੁਤ ਮਜ਼ਾ ਆਇਆ ਏ।

ਹਰਭਜਨ ਸਿੰਘ ਬਾਜਵਾ
ਜ਼ਿਲਾ ਜੇਲ ਗੁਰਦਾਸਪੁਰ

ਦੋਸਤਾ ਤੇਰੀ ਮਿਹਨਤ, ਮੁਸ਼ਕਤ, ਲਗਨ ਦੀ ਦਾਦ ਦੇਣ ਤੋਂ ਨਹੀਂ ਰਿਹਾ ਜਾਂਦਾ ਤੂੰ ਕਿੰਨਾ ਸਾਹਸੀ ਹੈ ਇਹ ਵਰਿਆਮ ਦੀ ਸ਼ਾਨ ਹੀ ਦੱਸਦੀ ਹੈ। ਭਾਵੇਂ ਪਰੂਫ ਗਲਤੀਆਂ ਬਾਰੇ ਤੂੰ ਜ਼ਿਕਰ ਕਰ ਦਿਤਾ ਹੈ ਪਰ ਸ਼ੱਕਰ ਵਿਚ ਰੇਤ ਆ ਜਾਵੇ ਤਾਂ ਜੀਭ ਰੇਤ ਬਾਹਰ ਕੱਢਦੀ ਹੈ ਸ਼ਕਰ ਦਾ ਸੁਆਦ ਹੀ ਮਾਣਦੀ ਹੈ। ਜੋ ਕੁਝ ਲਿਖਣ ਬੈਠਾ ਸਾਂ ਰੁਕ ਗਿਆ ਹਾਂ ਤੁਰਿਆ ਚਲ। ਮੰਜ਼ਲ ਮਿਲੇਗੀ, ਸਫ਼ਰ ਵਿਚ ਫਲ ਦੀ ਆਸ ਨਾ ਰਖੀਂ ਰੁਕ ਜਾਵੇਂਗਾ।

ਸੰਤੋਖ ਸਿੰਘ ਸਾਜਨ
ਸਰਸਾ


REPUTED MANUFACTURERS OF :

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER Phone : 3805

## MODERN GUN WORKS

**Opp. Industrial Estate,**

**JAMMU CANTT.**




Sri Satguru Jagjit Singh Ji Elibrary NamdhariElibrary@gmail.com

## ਗ਼ਜ਼ਲ

—ਗੁਰਦੀਪ ਗਿੱਲ

ਸੱਜਣਾਂ ਨਾਲ ਮਿਲਾਈਆਂ ਅੱਖਾਂ,
ਦੇਂਦੀਆਂ ਹੈਨ ਦੁਹਾਈਆਂ ਅੱਖਾਂ।
ਬੇਕਦਰਾਂ ਨਾਲ ਲਾ ਕੇ ਅੱਖਾਂ,
ਐਵੇਂ ਵਕਤ 'ਚ ਪਾਈਆਂ ਅੱਖਾਂ।
ਪੱਥਰ ਦਿਲ ਨੇ ਮੀਤ ਅਸਾਡੇ,
ਪੱਥਰ ਸੰਗ ਟਕਰਾਈਆਂ ਅੱਖਾਂ।
ਰੋਣੇ ਪੱਲੇ ਪਾ ਕੇ ਅੱਖਾਂ,
ਮੁੜਕੇ ਕਦੇ ਨਾ ਆਈਆਂ ਅੱਖਾਂ।
ਚੈਨ ਕਿਵੇਂ ਉਹ ਪਾ ਸਕਦਾ ਹੈ,
ਜਿਸ ਨੇ ਹੋਣ ਗਵਾਈਆਂ ਅੱਖਾਂ।
ਲੱਪ ਲੱਪ ਹੰਝੂ ਕੇਰਦੀਆਂ ਨੇ,
ਦੀਦ ਦੀਆਂ ਤਿਰਹਾਈਆਂ ਅੱਖਾਂ।

ਪਿੰਡ :—ਕੜ੍ਹਾਲ ਨੀਵਾਂ
ਡਾਕ ਖੇੜਾ ਦੋਨਾਂ
ਜ਼ਿਲਾ ਕਪੂਰਥਲਾ

## ਦੋ ਗ਼ਜ਼ਲਾਂ

—ਸੁਰਿੰਦਰ ਸਾਗਰ

ਇਕ ਆਮ ਖ਼ਬਰ ਹਾਂ ਮੈਂ—ਇਕ ਆਮ ਵਾਕਫ਼ੀ ਹਾਂ।
ਐ ਖ਼ਾਸ ਕਿਸਮ ਲੋਕੋ! ਮੈਂ ਆਮ ਆਦਮੀ ਹਾਂ॥
ਕਾਬਿਲ ਨ ਧਿਆਨ ਦੇ ਮੈਂ, ਕਾਬਿਲ ਨ ਗ਼ੌਰ ਦੇ ਮੈਂ
ਇਕ ਜ਼ਿਕਰ ਹਾਂ ਸਾਧਾਰਣ ਇਕ ਬਾਤ ਸਰਸਰੀ ਹਾਂ॥
ਨਜ਼ਰਾਂ ਨੂੰ ਕਿੰਜ ਸੋਹਾਂ, ਪੋਣਾਂ ਨੂੰ ਕਿੰਜ ਸਾਜਾਂ?
ਪੱਥਰ ਜੇ ਹਾਂ ਤਾਂ ਬੇਢਬ, ਫੁੱਲ ਹਾਂ ਤਾਂ ਕਾਗਜ਼ੀ ਹਾਂ॥
ਮਹਿੰਦੀ ਰਚੀ ਤਾਂ ਉਸਦੀ ਤਾਸੀਰ ਅੱਗ ਹੋਈ
ਮਹਿੰਦੀ ਬੀ ਜੋ ਜਲੀ ਹੈ, ਸਜਨਾ ਮੈਂ ਉਹ ਤਲੀ ਹਾਂ॥
ਤੂੰ ਵਕਤ ਜ਼ਾਇਆ ਨਾ ਕਰ ਮੇਰਾ ਖ਼ਿਆਲ ਕਰਕੇ
ਤੂੰ ਪਹੁੰਚ ਹੈ ਸਵੱਲੀ, ਮੈਂ ਦੇਰ ਬੇਬਸੀ ਹਾਂ॥

ਜ਼ਿੰਦਗੀ ਵਿਚ ਕੋਈ ਵਲਵਲਾ ਹੁਣ ਨਹੀਂ।
ਜ਼ਿੰਦਗੀ ਜੀਣ ਦਾ ਹੌਸਲਾ ਹੁਣ ਨਹੀਂ॥
ਹੋਵੇ ਧਰਤੀ ਇਹ ਮੇਰੀ ਸੁਹਾਗਣ ਕਿਵੇਂ
ਮੇਰੇ ਹਿੱਸੇ ਦਾ ਨਭ ਮੇਘਲਾ ਹੁਣ ਨਹੀਂ॥
ਜੋ ਮੈਂ ਮੰਜ਼ਿਲ ਵੀ ਹਾਂ, ਤਾਂ ਹਾਂ ਉਸ ਰਾਹ ਦੀ
ਜਿਹੜੇ ਰਾਹ ਵਿਚ ਕੋਈ ਕਾਫ਼ਲਾ ਹੁਣ ਨਹੀਂ॥
ਕੋਈ ਦੱਸੇ ਮਿਟਾਵਾਂ ਕਿਵੇਂ ਫ਼ਾਸਲੇ
ਜਦ ਵਿਚਾਲੇ ਕੋਈ ਫ਼ਾਸਲਾ ਹੁਣ ਨਹੀਂ॥
ਮੇਰੀ ਮੰਜ਼ਿਲ ਦੀ ਰੂਹ ਨਾ ਧੁੰਆਖੂ ਕਿਵੇਂ
ਮੇਰੇ ਸੁਪਨੇ ਦਾ ਤਨ ਰਾਂਗਲਾ ਹੁਣ ਨਹੀਂ॥

ਕਾਲਾਂਵਾਲੀ—125201
ਜ਼ਿਲਾ ਸਿਰਸਾ (ਹਰਿਆਣਾ)

## ਗ਼ਜ਼ਲ

—ਡਾ: ਪ੍ਰੀਤਮ ਸੈਨੀ

ਗੱਲ ਨਵੇਂ ਗਿਆਨ ਦੀ ਹੈ ਯਾਰ ਸਮਝੋ ਤਾਂ ਕਹਾਂ।
ਕਿਸ ਲਈ ਇਹ ਜਗਤ ਹੈ ਲਾਚਾਰ ਸਮਝੋ ਤਾਂ ਕਹਾਂ।

ਕਿਸ ਲਈ ਇਸ਼ਕ ਦੇ ਚਿਹਰੇ ਤੋਂ ਲਾਲੀ ਉੱਡ ਗਈ,
ਕਿਸ ਲਈ ਅੱਜ ਹੁਸਨ ਹੈ ਬੀਮਾਰ ਸਮਝੋ ਤਾਂ ਕਹਾਂ।

ਤਿੰਨਾਂ ਲੋਕਾਂ ਦੀ ਕਰਾਮਤ ਲੋਕ ਸ਼ਕਤੀ ਵਿਚ ਲੁਕੀ,
ਹਰ ਖ਼ਿਲਾ ਵਿਚ ਮਚਲਦੇ ਆਕਾਰ ਸਮਝੋ ਤਾਂ ਕਹਾਂ।

ਪੂਜਦੇ ਆਏ ਹੋ ਆਪਣੇ ਵਹਿਮ ਦੇ ਸਾਰੇ ਖ਼ੁਦਾ,
ਕੌਣ ਹੈ ਅਸਲੀ ਨਬੀ ਦਾਤਾਰ ਸਮਝੋ ਤਾਂ ਕਹਾਂ।

ਤੇਰੀ ਕੰਘੀ ਨੇ ਹਨ ਕੱਢੇ ਸਭ ਤਿਰੀ ਜ਼ੁਲਫ਼ਾਂ ਦੇ ਬਲ,
ਕਿਉਂ ਅੱਜ ਪੁਰਪੇਚ ਹੈ ਸੰਸਾਰ ਸਮਝੋ ਤਾਂ ਕਹਾਂ।

ਪੋਸਟ ਬਾਕਸ 13
ਸੰਗਰੂਰ



Sri Satguru Jagjit Singh Ji Elibrary NamdhariElibrary@gmail.com

# ਗ਼ਜ਼ਲ

—ਅਮਰੀਕ ਸਿੰਘ

ਮੋਮ ਵਾਂਗੂ ਜ਼ਿੰਦਗੀ ਢਲਦੀ ਰਹੀ,
ਇਕ ਤਰ੍ਹਾਂ ਸੀਨੇ 'ਚ ਅੱਗ ਪਲਦੀ ਰਹੀ,

ਸਾਥੀਆਂ ਬਿਨ ਜੀ ਰਿਹਾ! ਹੈਰਾਨ ਹਾਂ,
ਮੋਤ ਨਾਂ ਜਾਣੇ ਕਿਵੇਂ ਟਲਦੀ ਰਹੀ।

ਦੱਸ ਨਹੀਂ ਸਕਦਾ ਕਿ ਦੁਨੀਆਂ ਕਿਸ ਤਰ੍ਹਾਂ,
ਮੋਠ ਮੇਰੀ ਹਿੱਕ ਤੇ ਦਲਦੀ ਰਹੀ।

ਆ ਗਿਆ ਮੌਸਮ ਬਹਾਰਾਂ ਦਾ ਮਗਰ,
ਪੌਣ ਗਰਮਾ-ਗਰਮ ਹੀ ਚਲਦੀ ਰਹੀ।

ਬਹੁਤ ਸਿਖਰਾਂ ਤੇ ਮੈਂ ਚੜ੍ਹ ਕੇ ਵੇਖਿਐ,
ਬਦ-ਨਸੀਬੀ ਪਰ ਸਦਾ ਫਲਦੀ ਰਹੀ।

ਤੇਲ ਵੱਟੀਓਂ ਬਿਨ ਸ਼ਮਾ-ਏ-ਦਿਲ ਕਿਵੇਂ,
ਰਾਤ ਭਰ ਹੈਰਾਨ ਹਾਂ ਬਲਦੀ ਰਹੀ।

ਹੋਤ ਆ ਪੁੰਨੂੰ ਨੂੰ ਜ਼ੋਰੀਂ ਲੈ ਗਏ,
ਪੌੜ ਤੱਕ ਸੱਸੀ ਤਾਂ ਹੱਥ ਮਲਦੀ ਰਹੀ।

ਕੌਣ ਸਾਹਾਂ ਦੀ ਨੂੰ ਕਫ਼ਨਣ ਵਾਸਤੇ,
ਮਿਹਣਿਆਂ ਦੀ ਮੌਣ ਵਿਚ ਰਲਦੀ ਰਹੀ।

ਹੁਸਨ ਦੀ ਪੂਜਾ ਲਈ ਕੁਦਰਤ/ ਸਦਾ,
ਕਦਰ-ਦਾਂ ਮੇਰੇ ਜਹੇ ਘਲਦੀ ਰਹੀ।

ਜਾਣ ਵਾਲੇ ਜਾ ਕੇ ਫਿਰ ਆਏ ਨਹੀਂ,
ਯਾਦ ਆ ਸੀਨਾ ਮੇਰਾ ਸੱਲਦੀ ਰਹੀ।

ਜਾਣਦਾ ਹਾਂ ਮੈਂ ਜਾਂ ਰੱਬ ਹੀ ਜਾਣਦੈ,
ਜ਼ਾਨ ਮੇਰੀ ਜਬਰ ਜੋ ਝੱਲਦੀ ਰਹੀ।

# ਰੁੱਖ

—ਵਿਨੋਦ ਸ਼ਰਮਾ

ਰੁੱਖ ਇਕ ਨਜ਼ਮ ਹੈ
ਨਹੀਂ ਜਾਂਦੀ ਉਹ
ਪੜ੍ਹੀ ਜਾਂ ਸੁਣੀ
ਵੇਖੀ ਜਾਂਦੀ ਹੈ, ਬੱਸ
ਉਹ ਵੀ ਕਿਸੇ ਕਿਸੇ ਤੋਂ ਹੀ
ਇਸ ਦੀਆਂ ਜੜ੍ਹਾਂ
ਜ਼ਮੀਨ ਵਿਚ ਹਨ
ਅਤੇ ਟੀਸੀ
ਅਸਮਾਨ ਵਿਚ
ਡੋਲਦੀ ਹੈ
ਹਵਾ ਵਿਚ, ਸੁਰ ਵਿਚ
ਭਿੱਜਦੀ ਹੈ ਬਰਸਾਤ ਵਿਚ
ਹਰੇ (ਜਾਂ ਕਿਸੇ ਹੋਰ)
ਰੰਗ ਦੀ ਇਹ ਨਜ਼ਮ
ਸਹਿੰਦੀ ਹੈ ਹਰੇਕ ਹੱਲਾ
ਮੌਸਮ ਦਾ
ਖੁਰਦਰੀ ਜਿਲਦ ਵਿਚ
ਫੇਜੀ ਅਦਾ ਵਿਚ
ਤਣੀ ਖਲੋਤੀ ਇਹ
ਕਿਸਦੀ ਲਿਖਤ ਹੈ
ਉਸਦੀ
ਜਿਸਨੇ
ਇਸਨੂੰ
ਵੇਖ ਲਿਆ

ਅਨੁ: ਫੂਲਚੰਦ ਮਾਨਵ
ਬੀ 22 ਸਿਵਲ ਸਟੇਸ਼ਨ
ਬਠਿੰਡਾ 151011



Sri Satguru Jagjit Singh Ji Elibrary NamdhariElibrary@gmail.com

## ਇਕ ਕਵਿਤਾ

ਸੁਰਜੀਤ ਸਿੰਘ ਭੁੱਲਰ

ਮਾਰੂਥਲ 'ਚ
ਜਦ ਘੋਗੇ ਤੇ ਸਿੱਪੀਆਂ ਤਕਦਾ ਹਾਂ
ਤਾਂ ਇਕ ਅਹਿਸਾਸ ਜਾਗਦਾ ਹੈ
ਕਿ ਜੁੱਗਾਂ ਤੋਂ ਟੁੱਟਿਆ ਰਿਸ਼ਤਾ
ਕੀ ਕਦੇ ਫਿਰ ਜੁੜ ਸਕੇਗਾ ?
ਦੂਰ ਬਹੁਤ ਦੂਰ
ਜਦ ਸੂਰਜ ਸਮੁੰਦਰ ਵਿਚ
ਆਪਣੇ ਡੁੱਬਣ ਦਾ ਫਰੇਬ ਦਿੰਦਾ ਹੈ
ਜਾਂ ਚੰਦਰਮਾਂ ਅੱਖਾਂ ਝਮਕਦਾ ਹੋਇਆ
ਚਾਂਦਨੀ ਨੂੰ ਲੈ ਸਿਰ 'ਤੇ ਆ ਬਹਿੰਦਾ ਹੈ
ਤਾਂ ਸੋਚਦਾ ਹਾਂ
ਕਿਤੇ ਇਹ ਵੀ ਕੋਈ ਮਿਥ ਤਾਂ ਨਹੀਂ
ਜਦ ਅੱਗ ਤੇ ਬਰਫ ਦਾ ਸੁਮੇਲ ਹੁੰਦਾ ਹੈ
ਤਦ ਸੋਚ ਟੁੱਬਦੀ ਹੈ
ਕਿਤੇ ਅੱਜ ਦਾ ਜਲ, ਕਲ੍ਹ ਦਾ ਥਲ ਤਾਂ ਨਹੀਂ ?
ਅੱਜ ਦਾ ਮਨੁੱਖ
ਜਦ ਪੈਰਾਂ ਦੇ ਅੰਗੂਠੇ ਨਾਲ
ਸੋਚ ਦੀ ਅਣਦਿਖ ਸਿਆਹੀ ਲਾਹ
ਵਿਦਵਤਾ ਦੀ ਗਲ ਕਰਦਾ ਹੈ
ਤਾਂ ਜੀਭ ਸ਼ਾਹਦੀ ਭਰਨ ਦੀ ਥਾਂ
ਆਪਣੀ ਵਿਦਵਤਾ ਦਾ ਹੀ ਡੰਗ ਮਾਰਦੀ ਹੈ
ਇਹ ਦੇਖ ਕੇ
ਫਿਰ ਸੋਚਦਾ ਹਾਂ
ਟੁੱਟੇ ਦੰਦਾਂ ਚੋਂ
ਜੋ ਕੁਝ ਨਿਕਲਦਾ ਹੈ
ਕਿਤੇ ਮਲ੍ਹਮਾਂ ਤਾਂ ਨਹੀਂ
ਇਹ ਅਹਿਸਾਸ ਕਰ
ਇਕ ਛਿਣ ਲਈ ਸੁੰਨ ਹੋ ਜਾਂਦਾ ਹਾਂ
ਕਿ ਇਹ ਭਰਮ ਦਾ ਰਿਸ਼ਤਾ ਕਦ ਟੁੱਟੇਗਾ ?
ਅੰਤਰ ਮੁਖੀ ਸੋਚ ਜਾਗਦਾ ਹੈ
ਤੇ ਕਹਿੰਦਾ ਹੈ
ਜਦ ਅੱਜ ਦੇ ਮਨੁੱਖ ਦਾ
ਟੁਟਿਆ ਆਪਾ
ਸਿਰਜਣਹਾਰ ਵਿਚ ਸਮਾਵੇਗਾ ।

ਜਨਰਲ ਮੈਨੇਜਰ ਮਿਲਕ ਪਲਾਂਟ ਵੇਰਕਾ (ਅੰਮ੍ਰਿਤਸਰ)

## ਜ਼ਿੰਦਗੀ ਹੁਸੀਨ ਹੈ

(ਅਜਾਇਬ ਚਿਤ੍ਰਕਾਰ ਨੂੰ ਸਮਰਪਤ)

ਸੁਰਜੀਤ ਖ਼ੁਰਸ਼ੀਦੀ

ਜ਼ਿੰਦਗੀ ਦੀ ਸ਼ਾਮ ਹੈ
ਚੰਨ ਤਾਰੇ ਹੋ ਗਏ ਨੇ ਹੋਰ ਹੁਸੀਨ
ਫੁੱਲ ਸਾਰੇ ਹੋ ਗਏ ਨੇ ਹੋਰ ਸੋਹਣੇ
ਬਾਲ ਸਾਰੇ ਹੋ ਗਏ ਨੇ ਹੋਰ ਮੋਹਣੇ
ਹਰ ਕੋਈ ਪਿਆਰਾ ਲੱਗ ਰਿਹੈ
ਹਰ ਕੋਈ ਹੋ ਗਿਆ ਹੈ ਹੋਰ ਸੋਹਣਾ
ਜ਼ਿੰਦਗੀ ਦੀ ਸ਼ਾਮ ਹੈ
ਯਾਰਾਂ ਦਿਲਦਾਰਾਂ ਦੀਆਂ
ਮਜਲਸਾਂ ਨੇ ਉਠ ਰਹੀਆਂ
ਸਾਥੀ ਪੈਅ-ਖਾਰਾਂ ਦੀਆਂ
ਮਹਿਫਲਾਂ ਨੇ ਉਠ ਰਹੀਆਂ
ਜ਼ਿੰਦਗੀ ਦੀ ਸ਼ਾਮ ਹੈ
ਪਿੱਪਲ ਦਿਆਂ ਪੱਤਿਆਂ ਤੇ
ਕਲੋਲਾਂ ਹੈ ਕਰ ਰਹੀ ਚੰਦਾ ਦੀ ਚਾਨਣੀ
ਰਾਤ ਦੀ ਚੁਨਰੀ ਤੇ ਮੀਨਾਕਸ਼ੀ ਤਾਰਿਆਂ ਦੀ
ਪਹਿਲਾਂ ਵੀ ਤਾਂ ਹੋਣਗੇ ਹੀ
ਚੰਨ ਤਾਰੇ ਇੰਜ ਹੁਸੀਨ
ਫੁੱਲ ਸਾਰੇ ਇੰਜੇ ਸੋਹਣੇ
ਬਾਲ ਸਾਰੇ ਇੰਜੇ ਮੋਹਣੇ
ਚੰਦਾ ਦੀ ਚਾਨਣੀ
ਮੀਨਾਕਸ਼ੀ ਤਾਰਿਆਂ ਦੀ
ਪਰ ਸਾਨੂੰ ਕਿਥੇ ਵੇਹਲ ਸੀ
ਉਮਰ ਦੀ ਦੁਪਹਿਰ ਸੀ
ਜ਼ਿੰਦਗੀ ਹੀ ਖੇਲ ਸੀ
ਬਣੇ ਹੋਏ ਇਕ ਤੂਫ਼ਾਨ
ਫਿਰਦੇ ਰਹੇ ਬੇਇਮਾਨ
ਜ਼ਿੰਦਗੀ ਦੀ ਸ਼ਾਮ ਹੈ
ਅੱਜ ਹੋਇਆ ਗਿਆਨ ਹੈ
ਜ਼ਿੰਦਗੀ ਹੁਸੀਨ ਹੈ
ਬਹੁਤ ਹੀ ਹੁਸੀਨ ਹੈ, ਬਹੁਤ ਹੀ ਹੁਸੀਨ ਹੈ
ਜ਼ਿੰਦਗੀ ਦੀ ਸ਼ਾਮ ਤੇਰਾ ਸ਼ੁਕਰੀਆ
ਜ਼ਿੰਦਗੀ ਦੀ ਸ਼ਾਮ ਹੈ



Sri Satguru Jagjit Singh Ji Elibrary NamdhariElibrary@gmail.com

With Best compliments from :-

# *NAMDHARI BROTHERS*

**Prop. S. AJIT SINGH**

*Main Bazar, DALTONGANJ (Bihar)*

**Dealers : KIRLOSKAR DIESEL ENGINE. P. S G. ELECTRIC MOTORS. ELECTRICA APPLIANCES. STAINLESS STEEL PARTS, PRESSURE COOKERS, AND AGRICULTURAL IMPLIMENTS**

---

**WITH BEST COMPLIMENTS FROM :**

# *New Namdhari Cloth House*

**WHOLE SALE CLOTH DEALERS**

*Main Bazar, DALTONGANJ (Bihar)*

---

**Stay with Homely Comfort**

# SUPER GUEST HOUSE

**12A/20, W.E A, Sarswati Marg, Karol Bagh, New Delhi-110005 Tele : 56 05 18**

**WALKING DISTANCE FROM AJMAL KHAN ROAD**

**Attached Bath Open 24 Hours Moderate Tariff**

**TARIFF: Double Room with Bath attached Rs. 50/- Double Room with Bath attached(De Rs 60/- Double Room with Bath attached (Super Deluxe) Rs. 70/- Single Room withc Bath attached Rs 30/- Double Room without Bath attached Rs 40/- Extra Bed Rs. 1 Cooler Rs. 10 ★ Check out time 24 Hour ★ Most Courteous and Personlis Service ★ Tour Travels Taxi Service 24 Hours ★ Medical Assistance-Conta Reception ★ No. Service Charges.**

---







Sri Satguru Jagjit Singh Ji Elibrary NamdhariElibrary@gmail.com

# ਹੁਕਮਰਾਨ ਬੋਲੀ

—ਜਸਵੰਤ ਸਿੰਘ ਵਿਰਦੀ

ਬੋਲੀਆਂ ਦੀਆਂ ਕਿਸਮਤਾਂ ਵੀ ਉਹਨਾਂ ਨੂੰ ਬੋਲਣ ਵਾਲਿਆਂ ਦੀ ਕਿਸਮਤਾਂ ਨਾਲ ਹੀ ਬਣਦੀਆਂ ਵਿਗੜਦੀਆਂ ਨੇ।

ਸਦੀਆਂ ਤੋਂ ਲੈ ਕੇ ਅਜ ਤਕ ਪੰਜਾਬੀ ਨੂੰ ਕਦੀ ਵੀ ਹੁਕਮਰਾਨ ਬੋਲੀ ਬਣਨ ਦਾ ਮੌਕਾ ਨਹੀਂ ਮਿਲਿਆ, ਇਸ ਕਰਕੇ ਇਹਨੂੰ ਹੋਰ ਲੋਕਾਂ ਨੇ ਤਾਂ ਕੀ, ਪੰਜਾਬੀਆਂ ਨੇ ਵੀ ਨਹੀਂ ਅਪਣਾਇਆ। ਇਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਵਿਚ ਵੀ ਕੇਵਲ ਫਾਰਸੀ ਹੀ ਹੁਕਮਰਾਨ ਬੋਲੀ ਸੀ। ਪੰਜਾਬੀ ਨੂੰ ਲੋਕ ਕੇਵਲ ਦਿਲ ਦੀ ਭੜਾਸ ਕਢਣ ਲਈ ਹੀ ਇਸਤੇਮਾਲ ਕਰਦੇ ਹੋਣਗੇ ਜਿਵੇਂ ਕਿ ਹੁਣ ਕਰਦੇ ਨੇ।

ਹੁਕਮਰਾਨ ਬੋਲੀ ਦੇ ਸਬੰਧ ਵਿਚ ਇਕ ਬਹੁਤ ਹੀ ਦਿਲਚਸਪ ਅਤੇ ਮਨੋਵਿਗਿਆਨਕ ਸੋਚ ਵਾਲੀ ਗਲ ਮੇਰੇ ਮਿੱਤਰ ਪ੍ਰੋ: ਦਿਲਜੀਤ ਸਿੰਘ (ਡਾਇਰੈਕਟਰ ਯੂਥ ਵੈਲਫੇਅਰ ਡਿਪਾਰਟਮੈਂਟ, ਪੰਜਾਬ ਯੂਨੀਵਰਸਿਟੀ, ਪਟਿਆਲਾ ਨੇ ਸੁਣਾਈ। ਉਹਦੇ ਕੋਲ ਸਵਰਗੀ ਬਲਰਾਜ ਸਾਹਨੀ ਦਾ ਇਕ ਅਣਛਪਿਆ ਲੇਖ ਪਿਆ ਹੈ 'ਹਿੰਦੀ ਸਾਹਿਤਕਾਰਾਂ ਦੇ ਨਾਂ।'

'ਉਸ ਵਿਚ ਕੀ ਹੈ ?' ਮੈਂ ਪੁਛਿਆ। ਉਹਨੇ ਕਿਹਾ —'ਬਲਰਾਜ ਸਾਹਨੀ ਨੂੰ ਬੰਗਾਲ 'ਚ ਕਿਤੇ ਇਕ ਪੁਰਾਣਾ ਇਨਕਲਾਬੀ ਮਿਲਿਆ ਸੀ, ਜਿਸ ਨੇ ਦੇਸ਼ ਦੇ ਸਾਰੇ ਹੀ ਖੇਤਰਾਂ ਵਿਚ ਅਤੇ ਖਾਸ ਕਰਕੇ, ਤਟਵਰਤੀ ਇਲਾਕਿਆਂ ਵਿਚ ਕਾਫੀ ਸਮਾਂ ਗੁਜ਼ਾਰਿਆ ਹੋਇਆ ਸੀ।'

'ਫੇਰ ?'

'ਉਹਨੇ ਬਲਰਾਜ ਸਾਹਨੀ ਨੂੰ ਦਸਿਆ ਕਿ ਜਿਸ ਤਰ੍ਹਾਂ ਤਟਵਰਤੀ ਇਲਾਕਿਆਂ ਦੇ ਲੋਕ ਅੰਗਰੇਜ਼ੀ ਦੇ ਮੁਕਾਬਲੇ ਤੇ ਆਪਣੀਆ ਬੋਲੀਆਂ ਦੀ ਕਦਰ ਕਰਦੇ ਹਨ, ਉਸ ਤਰ੍ਹਾਂ ਮਧ ਭਾਰਤ ਅਤੇ ਉਤਰੀ ਭਾਰਤ ਦੇ ਲੋਕ ਨਹੀਂ ਕਰਦੇ।'

'ਕਾਰਨ ?'

'ਕਾਰਨ ਇਹ ਕਿ ਅੰਗਰੇਜ਼ ਭਾਰਤ ਵਿਚ ਸਭ ਤੋਂ ਪਹਿਲਾਂ ਤਟਵਰਤੀ ਇਲਾਕਿਆਂ ਵਿਚ ਹੀ ਆਏ ਸਨ ਅਤੇ ਉਸ ਵੇਲੇ ਉਹ ਵਪਾਰੀ ਸਨ...ਮਤਲਬ ਹੈ ਕਿ ਤਟਵਰਤੀ ਇਲਾਕਿਆਂ ਦੇ ਲੋਕਾਂ ਨਾਲ ਬਰਾਬਰੀ ਦੇ ਦਰਜੇ ਤੇ ਖਲੋ ਕੇ ਵਿਹਾਰ ਕਰਦੇ ਸਨ। ਇਸ ਲਈ ਉਹਨਾ ਨੇ ਤਟਵਰਤੀ ਲੋਕਾਂ ਦੀਆਂ ਬੋਲੀਆਂ ਸਿਖੀਆਂ ਤੇ ਉਹਨਾਂ ਨੂੰ ਵੀ ਆਪਣੀ ਬੋਲੀ ਸਿਖਾਈ, ਪਰ ਇਹ ਸਭ ਕੁਝ ਵਪਾਰ ਦੇ ਪਸਾਰ ਵਾਸਤੇ ਹੀ ਸੀ।'

'ਹਾਂ ਇਹ ਤਾਂ ਹੈ ਹੀ।'

'ਇਸ ਲਈ ਤਟਵਰਤੀ ਲੋਕ ਅੰਗਰੇਜ਼ੀ ਨੂੰ ਉਸ ਤਰ੍ਹਾਂ ਨਹੀਂ ਲੈਂਦੇ ਜਿਵੇਂ ਕਿ ਅਸੀਂ ਲੋਕ ਲੈਂਦੇ ਹਾਂ।'

'ਕੀ ਮਤਲਬ ?'

'ਮਤਲਬ ਇਹ ਕਿ ਜਦੋਂ ਅੰਗਰੇਜ਼ ਤਟਵਰਤੀ ਇਲਾਕੇ ਵਿਚੋਂ ਅਗੇ ਵਧ ਕੇ ਮਧ ਭਾਰਤ ਅਤੇ ਉਤਰੀ ਭਾਰਤ ਵਲ ਆਏ ਤਾਂ ਉਹ ਵਪਾਰੀ ਨਹੀਂ, ਸਗੋਂ ਸਾਡੇ ਹਾਕਮ ਬਣ ਚੁਕੇ ਸਨ।'

'ਹਾਂ, ਇਹ ਵੀ ਠੀਕ ਹੈ।'

'ਬਸ, ਇਸ ਹਕੀਕਤ ਨਾਲ ਹੀ ਸਾਡੀਆਂ ਬੋਲੀਆਂ ਦਾ ਸੰਕਟ ਸ਼ੁਰੂ ਹੋਇਆ ਸੀ।'

'ਕਿਵੇਂ ?'

'ਮਤਲਬ ਇਹ ਹੈ ਕਿ ਅਸੀਂ ਤਾਂ ਅੰਗਰੇਜ਼ੀ ਨੂੰ ਹੁਕਮਰਾਨਾਂ ਦੀ ਬੋਲੀ ਸਮਝ ਕੇ ਪੜ੍ਹਦੇ ਰਹੇ ਪਰ ਉਹ ਸਾਡੀ ਬੋਲੀ ਨਹੀਂ ਸਨ ਪੜ੍ਹਦੇ, ਕਿਉਂਕਿ ਉਹ ਸਾਡੇ ਹਾਕਮ ਸਨ। ਅਤੇ ਹਾਕਮ ਕਦੇ ਵੀ ਆਪਣੇ ਮਹਿਕੂਮ ਦੀ ਬੋਲੀ 'ਚ ਨਹੀਂ ਬੋਲਦਾ।'

'ਇਹ ਤਾਂ ਬੜੀ ਤਲਖ ਹਕੀਕਤ ਹੈ।'

'ਇਹੋ ਹੀ ਨਹੀਂ, ਅਸੀਂ ਖੁਦ ਵੀ ਆਪਣੀਆਂ ਮਾਤ



Sri Satguru Jagjit Singh Ji Elibrary NamdhariElibrary@gmail.com

ਬੋਲੀਆਂ ਦਾ ਮੋਹ ਛਡ ਕੇ ਕੇਵਲ ਅੰਗਰੇਜ਼ੀ ਨੂੰ ਹੀ ਜੀਵਨ ਦਾ ਮਾਧਿਅਮ ਬਣਾ ਲਿਆ ਸੀ...ਤੇ ਅਜ ਤਕ ਵੀ ਸਾਡੀ ਇਹੋ ਹੀ ਚਹਿਨੀਅਤ ਕਾਇਮ ਹੈ।'

'ਇਹ ਗਲਾਂ ਵੀ ਬਲਰਾਜ ਸਾਹਨੀ ਦੇ ਲੇਖ ਵਿਚ ਨੇ ?

'ਹਾਂ।'

ਫੇਰ ਉਹ ਲੇਖ ਬਲਰਾਜ ਸਾਹਨੀ ਨੇ ਪਹਿਲਾਂ ਪੰਜਾਬੀ 'ਚ ਲਿਖਿਆ ਤੇ ਫੇਰ ਹਿੰਦੀ ਵਿਚ। ਮੇਰੇ ਕੋਲ ਹਿੰਦੀ ਵਾਲੀ ਕਾਪੀ ਹੀ ਹੈ, ਪੰਜਾਬੀ ਵਾਲੀ ਕਿਤਿਉਂ ਨਹੀਂ ਲਭੀ। ਹਿੰਦੀ ਦੀ ਕਾਪੀ ਵੀ ਮੈਨੂੰ ਭੀਸ਼ਮ ਸਾਹਨੀ ਕੋਲੋਂ ਮਿਲੀ ਸੀ, ਤੇ ਹੁਣ ਉਹਦਾ ਪੰਜਾਬੀ ਚ ਅਨੁਵਾਦ ਕਰ ਰਿਹਾਂ ਹਾਂ।'

ਉਸ ਵੇਲੇ ਮੈਨੂੰ ਖਿਆਲ ਆਇਆ ਕਿ ਅੰਗਰੇਜ਼ੀ ਦੇ ਇਲਾਵਾ ਵੀ ਵਿਸ਼ਵ ਵਿਚ ਮਹਾਨ ਬੋਲੀਆਂ ਦਾ ਸਾਹਿਤ ਹੈ ਪਰ ਅਸੀਂ ਉਸ ਮਹਾਨ ਸਾਹਿਤ ਨੂੰ ਨਹੀਂ ਪੜ੍ਹਦੇ ਤੇ ਬਹੁਤ ਸਾਰਾ ਘਟੀਆ ਅੰਗਰੇਜ਼ੀ ਸਾਹਿਤ ਪੜ੍ਹ ਕੇ ਬੁਧੀਜੀਵੀ ਬਣੇ ਬੈਠੇ ਹਾਂ।

ਇਮਤਿਹਾਨਾਂ ਵਿਚ ਹਾਜ਼ਰੀ ਦੇ ਦਸਖਤਾਂ ਵੇਲੇ ਬੱਚੇ ਪੰਜਾਬੀ ਵਿਚ ਵੀ ਆਪਣਾ ਨਾਂ ਲਿਖ ਸਕਦੇ ਨੇ, ਪਰ ਉਹ ਅੰਗਰੇਜ਼ੀ ਵਿਚ ਹੀ ਨਾਂ ਲਿਖਦੇ ਨੇ, ਭਾਵੇਂ ਗਲਤ ਹੀ ਹੋਵੇ।

ਜਿਹੜੇ ਪੰਜਾਬੀ ਦੇ ਲੇਖਕ ਤਰਲਾ ਕਰ ਕੇ ਅੰਗਰੇਜ਼ੀ ਵਿਚ ਕਿਤਾਬ ਛਪਵਾ ਲੈਣ ਉਹ ਤੁਰਤ ਸਥਾਪਤ ਹੋ ਹੋ ਗਏ ਸਮਝੇ ਜਾਂਦੇ ਨੇ, ਜਦੋਂ ਕਿ ਸਾਡੇ ਮਹਾਨ ਲੇਖਕਾਂ ਦੀ ਇਸ ਕਰ ਕੇ ਕਦਰ ਨਹੀਂ ਪੈਂਦੀ ਕਿ ਉਹ ਅੰਗਰੇਜ਼ੀ ਵਿਚ ਨਹੀਂ ਛਪਦੇ।

... ... ...

ਸਾਡੇ ਅੰਗਰੇਜ਼ ਹਾਕਮ ਤਾਂ ੧੯੪੭ ਵਿਚ ਹੀ ਦੇਸ਼ ਨੂੰ ਛੱਡ ਕੇ ਚਲੇ ਗਏ ਸਨ। ਪਰ ਜਿਹੜੇ ਲੋਕ ਸਾਡੇ ਨਵੇਂ ਹਾਕਮ ਬਣੇ ਉਹ ਭੀ ਅੰਗਰੇਜ਼ੀ ਦੇ ਮਾਹੌਲ ਵਿਚ ਪੜ੍ਹੇ ਲਿਖੇ ਤੇ ਵਿਕਸਤ ਹੋਏ ਸਨ, ਇਸ ਲਈ ਉਹਨਾਂ ਦੀ ਬੋਲੀ ਵੀ ਇਕ ਤਰ੍ਹਾਂ ਨਾਲ ਅੰਗਰੇਜ਼ੀ ਹੀ ਸੀ। ਪੰਜਾਬੀ ਮਹਿਕੂਮ ਲੋਕਾਂ ਦੀ ਬੋਲੀ ਹੋਣ ਕਰ ਕੇ ਕਦੀ ਵੀ ਪੂਰਾ ਵਿਕਾਸ ਨਹੀਂ ਕਰ ਸਕੀ। ਹੁਣ ਵੀ ਹਾਕਮਾਨਾ ਪਰਵਿਰਤੀਆਂ ਵਾਲੇ ਲੋਕ ਆਪਣੇ ਬਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਹੀ ਭੇਜਦੇ ਨੇ ਅਤੇ ਘਰਾਂ ਵਿਚ ਵੀ ਉਹਨਾਂ ਨੂੰ ਅੰਗਰੇਜ਼ੀ ਰਾਹੀਂ ਹੀ ਵਰਤਾਰਾ ਕਰਨਾ ਸਿਖਾਂਦੇ ਨੇ। ਕਈ ਵਾਰ ਤਾਂ ਸਾਡੀਆਂ ਯੂਨੀਵਰਸਟੀਆਂ ਵਿਚ ਪੰਜਾਬੀ ਬਾਰੇ ਸੈਮੀਨਾਰਾਂ ਵਿਚ ਵੀ ਅੰਗਰੇਜ਼ੀ 'ਚ ਹੀ ਕਾਰਵਾਈ ਹੁੰਦੀ ਹੈ। ਸਾਡੇ ਵਾਈਸ ਚਾਂਸਲਰ ਤਾਂ ਹਾਲੇ ਤਕ ਵੀ ਇਹੋ ਧਾਰਨਾ ਲਈ ਬੈਠੇ ਨੇ ਕਿ ਯੂਨੀਵਰਸਿਟੀਆਂ ਵਿਚ ਪੰਜਾਬੀ ਉਚੇਰੀ ਵਿਦਿਆ ਦਾ ਮਾਧਿਅਮ ਨਹੀਂ ਬਣ ਸਕਦੀ। ਠੀਕ ਹੈ। ਬਣ ਸਕਦੀ ਹੁੰਦੀ ਤਾਂ ਬਣਦੀ ਨਾ। ਅਜ ਕਲ ਪਾਕਿਸ-ਤਾਨੀ ਪੰਜਾਬ ਵਿਚ ਪੰਜਾਬੀ ਨਾਲ ਬੜੀ ਹਮਦਰਦੀ ਵਿਖਾਈ ਜਾ ਰਹੀ ਹੈ ਪਰ ਪੰਜਾਬੀ ਨੂੰ ਹੁਕਮਰਾਨ ਬੋਲੀ ਉਹ ਵੀ ਮੰਨਣ ਲਈ ਤਿਆਰ ਨਹੀਂ। ਜੇ ਕਰ ਮਹਾਰਾਜਾ ਰਣਜੀਤ ਸਿੰਘ ਪੰਜਾਬੀ ਨੂੰ ਹੁਕਮਰਾਨ ਬੋਲੀ ਬਣਾ ਦਿੰਦਾ ਤਾਂ ਪਾਕਿਸਤਾਨੀ ਪੰਜਾਬੀਆਂ ਨੂੰ ਪੰਜਾਬੀ ਸਵੀਕਾਰ ਕਰਨ ਚ ਨਮੋਸ਼ੀ ਨਾ ਮਹਿਸੂਸ ਹੁੰਦੀ।

ਸਾਡੇ ਇਮਤਿਹਾਨਾਂ ਵਿਚ ਫੇਲ ਹੋਣ ਵਾਲੇ ਬਹੁਤੇ ਬੱਚੇ ਉਹ ਹੁੰਦੇ ਨੇ ਜਿਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਪਰ ਜਦੋਂ ਤਕ ਉਹ ਅੰਗਰੇਜ਼ੀ ਵਿਚੋਂ ਪਾਸ ਨਹੀਂ ਹੁੰਦੇ, ਉਹਨਾਂ ਨੂੰ ਡਿਗਰੀ ਨਹੀਂ ਮਿਲ ਸਕਦੀ। ਉਹ ਅੰਗਰੇਜ਼ੀ ਪੜ੍ਹੇ ਬਗੈਰ ਹੀ ਬੜੇ ਵਧੀਆ ਕਾਰੀਗਰ ਤੇ ਕਿਰਸਾਨ ਤਾਂ ਬਣ ਸਕਦੇ ਨੇ ਪਰ ਅੰਗਰੇਜ਼ੀ ਦੀ ਡਿਗਰੀ ਤੋਂ ਬਗੈਰ ਦਫਤਰ ਵਿਚ ਬਾਬੂ ਨਹੀਂ ਲਗ ਸਕਦੇ। ਅੰਗਰੇਜ਼ੀ ਪੜ੍ਹੇ ਹੋਏ ਬਾਟਨੀ ਦੇ ਲੈਕਚਰਾਰ ਨਾਲੋਂ ਅਨਪੜ੍ਹ ਮਾਲੀ ਬੂਟਿਆਂ ਦੇ ਜੀਵਨ ਬਾਰੇ ਬਹੁਤ ਕੁਝ ਜਾਣਦਾ ਹੈ ਪਰ ਉਹ ਸਦਾ ਛੋਟੇ ਗਰੇਡ ਵਿਚ ਹੀ ਰਹੇਗਾ ਕਿਉਂਕਿ ਅੰਗਰੇਜ਼ੀ ਵਿਚ ਗਲ ਨਹੀਂ ਕਰ ਸਕਦਾ।

ਪੁਰਾਣੇ ਅੰਗਰੇਜ਼ੀ ਪੜ੍ਹੇ ਹੋਏ ਲੋਕ ਹਾਲੇ ਵੀ ਕਹਿੰਦੇ ਨੇ ਕਿ ਅੰਗਰੇਜ਼ੀ ਨੂੰ ਪੜੇ ਬਗੈਰ ਅਕਲ ਨਹੀਂ ਆ ਸਕਦੀ ਤੇ ਨਾ ਹੀ ਕੋਈ ਕਲਾਕਾਰ ਬਣ ਸਕਦਾ ਹੈ। ਫਰਾਂਸੀਸੀ ਲੋਕ ਕਦੀ ਅੰਗਰੇਜ਼ੀ ਨਹੀਂ ਪੜ੍ਹਦੇ ਤੇ ਨਾ ਹੀ ਜਰਮਨ ਲੋਕ ਪਤਾ ਨਹੀਂ ਉਹ ਅਕਲਮੰਦ ਤੇ ਕਲਾਕਾਰ ਹੋਨ ਕਿ ਨਹੀਂ।



Sri Satguru Jagjit Singh Ji Elibrary NamdhariElibrary@gmail.com

ਸ਼ੁਧ ਸਾਤਵਿਕ ਭਾਵਨਾ ਗੁਰੂ ਪ੍ਰਤੀ ਆਸਥਾ, ਅਤੇ ਸਰਬਤ ਸਾਂਝੀ ਪਹੁੰਚ ਦਾ ਵੀ ਸਿਟਾ ਹੈ।

ਸ: ਸੁਲੱਖਣ ਸਿੰਘ ਗਿਆਨ ਸਿੰਘ ਮਲਿਆਂ ਵਾਲੇ ਦੇ ਸਪੁਤਰ ਹਨ ਅਤੇ ਪੰਦਰਾਂ ਮਈ ੧੯੩੭ ਨੂੰ ਲਾਇਲਪੁਰ ਦੇ ਬਹਤਰ ਚੱਕ ਵਿਚ ਇਹਨਾਂ ਦਾ ਜਨਮ ਹੋਇਆ ਸੀ। ਪਾਰਟੀਸ਼ਨ ਤੋਂ ਬਾਅਦ ਦਿਲੀ ਆਏ ਅਤੇ ਸਮਾਜੀ ਤੇ ਸਿਆਸੀ ਸਰਗਰਮੀਆਂ ਵਿਚ ਭਾਗ ਲੈਂਦਿਆਂ ਲੋਕ ਸੇਵਾ ਅਤੇ ਸੱਵਛ ਕਿਰਦਾਰ ਨੂੰ ਮੁਖ ਰੱਖਿਆ। ਇਸੇ ਕਾਰਨ ਹੀ ਇਹ ਲੋਕ ਪ੍ਰਿਅ ਹੋਏ।

੧੯੬੫ ਤੋਂ ੬੯ ਤੱਕ ਬਲਾਕ ਕਾਂਗਰਸ ਕਮੇਟੀ ਸ਼ਕੂਰ ਬਸਤੀ ਰਾਮਪੁਰਾ ਦੇ ਜਨਰਲ ਸਕਤਰ ਰਹੇ। ੧੯੭੦ ਤੋਂ ਹੁਣ ਤੱਕ ਸੀਨੀਅਰ ਮੀਤ ਪ੍ਰਧਾਨ ਡਿਸਟ੍ਰਿਕਟ ਕਾਂਗਰਸ ਕਮੇਟੀ (ਆਈ) ਰੂਅਰਲ (ਆਊਟਰ ਦਿਲੀ) ਚਲੇ ਆ ਰਹੇ ਹਨ।

੧੯੭੫ ਤੋਂ ਲੈ ਕੇ ਹੁਣ ਤੱਕ ਦੋ ਵਾਰ ਦਿਲੀ ਸਿਖ ਗੁਰਦੁਆਰਾ ਪਰਬੰਧਕ ਕਮੇਟੀ ਦੀ ਚੋਣ ਤ੍ਰੀ ਨਗਰ ਹਲਕੇ ਤੋਂ ਜਿਤੇ ਹਨ। ਦੋ ਵਾਰ ਵਾਈਸ ਪ੍ਰੈਜ਼ੀਡੈਂਟ ਤੇ ਹੁਣ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਬਣੇ ਹਨ।

ਦੋ ਸਾਲ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਹਾਇਰ ਸੈਕੰਡਰੀ ਸਕੂਲ (ਬੁਆਇਜ਼) ਦੇ ਮੈਨੇਜਰ ਰਹੇ ਅਤੇ ਹੁਣ ਲੜਕੀਆਂ ਦੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਹਾਇਰ ਸੈਕੰਡਰੀ ਸਕੂਲ ਦੇ ਚੇਅਰਮੈਨ ਹਨ। ਮਾਇਆ ਪੁਰੀ ਵਿਚ ਸ: ਗਿਆਨ ਸਿੰਘ ਐਂਡ ਸਨਜ਼ ਨਾਮ ਦੀ ਇਹਨਾਂ ਦੀ ਫਰਮ ਹੈ ਤੇ ਮਸ਼ੀਨਾਂ ਤਿਆਰ ਕਰਕੇ ਇੰਡਸਟਰੀ ਦੇ ਖੇਤਰ ਵਿਚ ਵੀ ਸਫਲ ਯੋਗਦਾਨ ਪਾ ਰਹੇ ਹਨ।

ਇਕ ਮੁਲਾਕਾਤ ਵਿਚ ਸ: ਸੁਲੱਖਣ ਸਿੰਘ ਨੂੰ ਸੰਪਾਦਕ ਵਰਿਆਮ ਨੇ ਪੁਛਿਆ ਤੁਹਾਡਾ ਹੁਣ ਬਤੌਰ ਗੁਰ ਦੁਆਰਾ ਪਰਬੰਧਕ ਅਧਿਕਾਰੀ ਦੇ ਅਗਲਾ ਪ੍ਰੋਗਰਾਮ ਕੀ ਹੋਵੇਗਾ। ਉਹਨਾਂ ਤੁਰੰਤ ਆਪਣੀ ਟੀਮ ਦੇ ਟੀਚੇ ਗਣਾਏ। "ਦਿਲੀ ਕੋਤਵਾਲੀ ਦਾ ਬਾਕੀ ਹਿਸਾ ਲਵਾਂਗੇ ਅਤੇ ਹੋਰ ਧਾਰਮਕ ਸੰਸਥਾਵਾਂ ਨਾਲ ਲਗਦੇ ਧਾਰਮਕ ਮਹੱਤਤਾ ਵਾਲੇ ਸਥਾਨ ਲੈਣ ਦਾ ਜਤਨ ਕਰਾਂਗੇ।

ਇਕ ਸਜਨ ਕੋਲ ਬੈਠਾ ਸੀ ਉਸ ਕਿਹਾ "ਜੀ ਇਹ ਕੰਮ ਤਾਂ ਸੌਖਾ ਹੀ ਹੈ। ਇਹ ਸਰਕਾਰ ਨੇ ਕਰ ਹੀ ਦੇਣਾ ਹੈ" ਸ: ਸੁਲੱਖਣ ਸਿੰਘ ਦਾ ਜੁਆਬੀ ਉਤਰ ਸੀ ਜੇ ਇਹ ਕੰਮ ਏਡਾ ਹੀ ਸੌਖਾ ਹੈ ਤਾਂ ਉਦੋਂ ਕਿਉਂ ਨਾ ਕਰ ਲਿਆ ਜਦੋਂ ਅਕਾਲੀ ਪਾਰਟੀ ਦਾ ਪੰਜਾਬ ਅਤੇ ਕੇਂਦਰ ਵਿਚ ਰਾਜ ਸੀ? ਇਹ ਕੰਮ ਸੌਖਾ ਨਹੀਂ ਇਸ ਵਾਸਤੇ ਬੜੇ ਜਤਨ ਕਰਨੇ ਪੈਣੇ ਹਨ।

ਉਹਨਾਂ ਆਪਣੇ ਹੋਰ ਪ੍ਰੋਗਰਾਮ ਦੱਸੇ।

ਪੰਜਾਬੀ ਭਾਸ਼ਾ ਨੂੰ ਦਿਲੀ ਵਿਚ ਦੂਜਾ ਦਰਜਾ ਦਵਉਣ ਲਈ ਸੰਘਰਸ਼ ਕਰਾਂਗੇ। ਜਿਨੇ ਬੋਰਡ ਹਨ ਗੁਰਮੁਖੀ ਵਿਚ ਲਿਖਵਾਂਵਾਂਗੇ।

—ਪੰਜਾਬੀ ਅਕੈਡਮੀ ਦੀ ਸਥਾਪਨਾ ਕਰਵਾਵਾਂਗੇ।

—ਗੁਰੂ ਤੇਗ ਬਹਾਦਰ ਯੂਨੀਵਰਸਟੀ, ਦਿਲੀ ਵਿਚ ਕਾਇਮ ਕਰਨ ਦਾ ਜਤਨ ਕਰਾਂਗੇ।

— ਸਿਖਾਂ ਦਾ ਨਵਾਂ ਬੈਂਕ ਖੋਲਣ ਦਾ ਵਿਚਾਰ ਹੈ।

—ਸੰਪਰਦਾਇਕ ਸਦਭਾਵਨਾ ਨੂੰ ਮਜ਼ਬੂਤ ਕਰਾਂਗੇ। ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਵਾਂ ਦੀ ਏਕਤਾ ਲਈ ਕੰਮ ਕਰਾਂਗੇ ਅਤੇ ਇਸ ਮੰਤਵ ਵਾਸਤੇ ਦਿਲੀ ਵਿਚ ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਇ ਕਾਨਫਰੰਸ ਵੀ ਜਲਦੀ ਕਰਾਂਗੇ।

ਅਮ੍ਰਿਤਸਰ ਵਿਖੇ ਤੰਬਾਕੂ ਵਰੋਧੀ ਐਜੀਟੇਸ਼ਨ ਬਾਰੇ ਉਹਨਾਂ ਦਾ ਵਿਚਾਰ ਸੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਹੱਦ ਮੁਕਰਰ ਕੀਤੀ ਜਾਏ ਜਿਥੇ, ਤੰਬਾਕੂ, ਮਾਸ ਸ਼ਰਾਬ, ਆਦਿਕ ਚੀਜਾਂ ਦੀ ਵਰਤੋਂ ਮਨਾਹੀ ਹੋਵੇ।

ਦਿਲੀ ਗੁਰਦੁਆਰਾ ਪਰਬੰਧਕ ਕਮੇਟੀ ਵਿਚ ਸ: ਸੁਲੱਖਣ ਸਿੰਘ ਜਿਹੇ ਵਿਅਕਤੀਆਂ ਦਾ ਜਾਣਾ ਨੇਕ ਸ਼ਗਨ ਹੈ। ਜੇ ਉਹਨਾਂ ਨੂੰ ਕੁਝ ਵੀ ਆਪਣੇ ਵਰਗੇ ਸਾਥੀ ਮਿਲ ਗਏ ਤਾਂ ਜ਼ਰੂਰ ਹੀ ਸਿਟੇ ਚੰਗੇ ਨਿਕਲਣਗੇ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਫੁਲ ਲਗਣਗੇ। ●



Sri Satguru Jagjit Singh Ji Elibrary NamdhariElibrary@gmail.com

# ਚੱਕੀ ਦਰਿਆ

—ਜਸਵੰਤ ਸਿੰਘ ਵਿਰ

ਲਿਸ਼ਕਦੀ ਤੇਜ਼ਧਾਰ ਦਾ ਨਾਂ ਚੱਕੀ ਦਰਿਆ।

ਪਠਾਨਕੋਟ ਤੋਂ ਪੂਰਬ ਵੱਲ ਚੱਕੀ ਦਰਿਆ ਮੈਦਾਨ ਵਿਚ ਪੁੱਜਦਾ ਹੈ। ਜਿਥੇ ਉਸ ਉਪਰ ਇਕੋ ਹੀ ਸਪੈਨ ਦਾ ਪੁੱਲ ਬਣਿਆ ਹੋਇਆ ਹੈ। ਕਹਿੰਦੇ ਸਨ ਕਿ ਉਹਦੀ ਤੇਜ਼ ਧਾਰ ਵਿਚਕਾਰ ਖੂਹੀ ਗਾਲ ਕੇ ਪਾਵੇ (ਪਿਲਰ) ਨਹੀਂ ਸਨ ਬਣਾਏ ਜਾ ਸਕਦੇ, ਜਿਸ ਕਰਕੇ ਉਹਦੀ ਰਵਾਨੀ ਦਾ ਮੁਕਾਬਲਾ ਕਰਨ ਦਾ ਜਤਨ ਨਹੀਂ ਕੀਤਾ ਗਿਆ। ਪਹਾੜੀ ਵਿਚਕਾਰੋਂ ਇਹਦੀ ਧਾਰ ਬੜੇ ਵੇਗ ਨਾਲ ਬਾਹਰ ਆਉਂਦੀ ਸੀ ਪਰ ਇਥੇ ਉਸ ਦੇ ਪਾਟ ਨੂੰ ਚੌੜੇ ਕਰਕੇ ਉਸ ਨੂੰ ਸ਼ਾਂਤ ਕਰਨ ਦਾ ਜਤਨ ਕੀਤਾ ਗਿਆ ਹੈ।

ਚੱਕੀ ਦਾ ਪਾਣੀ ਸਚਮੁਚ ਹੀ ਬੜਾ ਤੇਜ਼ ਤਰਾਰ ਹੈ। ਮੈਦਾਨ 'ਚ ਪੁਜਦੇ ਸਾਰ ਇਸ 'ਚ ਹੋਰ ਵੀ ਰਫਤਾਰ ਭਰ ਜਾਂਦੀ ਹੈ। ਉਹਦੇ ਅੱਖੜ ਰੋਹ ਦਾ ਮੁਕਾਬਲਾ ਕਰਨਾ ਬੜਾ ਔਖਾ ਹੈ।

ਚੱਕੀ ਦੇ ਪਾਣੀ ਵਿਚੋਂ ਨੂਰਪੁਰ ਦੀਆਂ ਸੁੰਦਰ ਨਾਰਾਂ ਦੇ ਨੂਰ ਦੀ ਝਲਕ ਮਹਿਸੂਸ ਹੁੰਦੀ ਹੈ। ਉਨ੍ਹਾਂ ਦੇ ਅੰਗ ਅੰਗ ਨਾਲ ਲਗਕੇ ਜਿਵੇਂ ਇਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝ ਰਿਹਾ ਹੋਵੇ।

ਦੁਨੀਆਂ ਵਿਚ ਜਿਸ ਕਿਸੇ ਨੇ ਵੀ ਸੁੰਦਰੀ ਨਾਲ ਮੁਹੱਬਤ ਕੀਤੀ ਹੈ, ਉਹ ਆਪਣੇ ਆਪ ਨੂੰ ਸ਼ਹਿਨਸ਼ਾਹ ਨਾਲੋਂ ਘੱਟ ਨਹੀਂ ਸਮਝਦਾ।

ਸੰਨ ੧੯੫੧-੫੨ ਵਿਚ ਜਦੋਂ ਚੱਕੀ ਦਰਿਆ ਉਪਰ ਪੁਲ ਬਣ ਰਿਹਾ ਸੀ ਤਾਂ ਮੇਰੇ ਪਿਤਾ ਜੀ ਉਥੇ ਸਨ,



ਪਠਾਨਕੋਟ ਨੇੜੇ ਚੱਕੀ ਪੁਲ
ਬੈਨਰਜੀ ਅਤੇ ਦਰਬਾਰਾ ਸਿੰਘ ਖਲੋਤੇ ਹਨ।



Sri Satguru Jagjit Singh Ji Elibrary NamdhariElibrary@gmail.com

ਮਿਸਤਰੀ ਦੇ ਰੂਪ ਵਿਚ, ਸਾਡਾ ਇਕ ਹੋਰ ਚਾਚਾ ਦਰਬਾਰਾ ਸਿੰਘ ਵੱਡਾ ਅਫਸਰ ਸੀ। ਚੱਕੀ ਉਪਰ ਪੁਲ ਤਾਂ ਹਿੰਦੁਸਤਾਨ ਕੰਪਨੀ ਬਣਵਾ ਰਹੀ ਸੀ, ਪਰ ਸਾਡੇ ਲੋਕ ਕੇਵਲ ਨਿਰੀਖਣ ਲਈ ਸਨ।

ਜਦੋਂ ਮੈਂ ਜਲੰਧਰੋਂ ਅੰਮ੍ਰਿਤਸਰ ਤੇ ਫੇਰ ਪਠਾਨਕੋਟ ਹੋ ਕੇ ਆਪਣੇ ਪਿਤਾ ਜੀ ਕੋਲ ਪੁੱਜਾ ਤਾਂ ਉਨ੍ਹਾਂ ਵਲੋਂ ਚੱਕੀ ਦੇ ਪੂਰਬ ਵਲ ਪਹਾੜੀ ਦੀਆਂ ਨੁਕਰਾਂ ਨੂੰ ਬੁਲਡੋਜ਼ਰਾਂ ਨਾਲ ਸਾਫ ਕੀਤਾ ਜਾ ਰਿਹਾ ਸੀ। ਵੱਡੇ ਵੱਡੇ ਪਹਾੜੀ ਬਿਰਛਾਂ ਦੇ ਟਾਹਣੇ ਪੁਲ ਤਕ ਪਸਰੇ ਹੋਏ ਸਨ। ਸਵੇਰੇ ਵੇਲੇ ਉਨ੍ਹਾਂ ਦੇ ਪੱਤਿਆਂ ਦਾ ਮਟਕ ਚਾਨਣਾ ਪੁਲ ਉਪਰ ਦੀ ਹੋ ਕੇ ਪਾਣੀ ਵਿਚ ਅਜੀਬ ਤਰਾਂ ਦਾ ਡੋਲਦਾ-ਕੰਬਦਾ ਹੋਇਆ ਦ੍ਰਿਸ਼ ਸਾਕਾਰ ਕਰ ਦਿੰਦਾ।

ਪਰ ਫੇਰ ਜਦੋਂ ਸਾਰਾ ਹੀ ਦਿਨ ਉਥੇ ਕੁਝ ਖਲਾਸੀਆਂ ਦਾ 'ਹਾਈਸਾ-ਹਾਈਸਾ' ਦਾ ਰੌ-ਹੱਲਾ ਹੁੰਦਾ ਅਤੇ ਰਿਬਟਾਂ ਲਗਾਣ ਦੀ ਘਿਰਚ-ਘਿਰਚ ਨਾਲ ਵਾਤਾਵਰਣ ਅਸ਼ਾਂਤ ਹੋ ਜਾਂਦਾ ਹੈ ਤਾਂ ਪੱਤਿਆਂ ਦਾ ਮਟਕ ਚਾਨਣਾ ਆਪਣੇ ਆਪ 'ਚ ਸਿਮਟਕੇ ਸੂਰਜ ਦੀ ਰੋਸ਼ਨੀ ਨੂੰ ਰਾਹ ਦੇ ਦਿੰਦਾ।

ਚੱਕੀ ਦਾ ਪਾਣੀ ਸੂਰਜ ਦੀ ਰੋਸ਼ਨੀ ਨਾਲ ਏਨਾ ਲਿਸ਼ਕਦਾ ਕਿ ਉਸ ਵਲ ਤੱਕਣਾ ਔਖਾ ਹੋ ਜਾਂਦਾ, ਜਿਵੇਂ ਉਹ ਕੋਈ ਸ਼ੀਸ਼ਾ ਫੈਲਿਆ ਹੋਇਆ ਹੋਵੇ।

ਮੈਂ ਚੱਕੀ ਨੂੰ ਇਕ ਛੋਟੀ ਜਿਹੀ ਜਲਧਾਰਾ ਹੀ ਸਮਝਦਾ ਰਿਹਾ ਸਾਂ ਪਰ ਚਾਚਾ ਜੀ ਨੇ ਮੈਨੂੰ ਦਸਿਆ ਕਿ ਇਸ ਦਰਿਆ ਦਾ ਜ਼ਿਕਰ ਰਿਗਵੇਦ ਵਿਚ ਹੀ ਆਇਆ ਹੈ ਅਤੇ ਪੁਰਾਤਨ ਕਾਲ ਦੇ ਭੂਗੋਲ ਦਾ ਸ਼ਬਦ-ਕੋਸ਼ ਤਿਆਰ ਕਰਨ ਵਾਲੇ ਵਿਦਵਾਨ ਨੰਦੂ ਲਾਲ ਦੇਅ ਨੇ ਚੱਕੀ ਬਾਰੇ ਲਿਖਿਆ ਹੈ ਰਿਗਵੇਦ ਦਾ ਦਰਿਆ ਸਤਲੁਜ, ਜੋਕਿ ਮੈਦਾਨ ਵਿਚ ਪੁਜਕੇ ਬਿਆਸ ਵਿਚ ਸ਼ਾਮਿਲ ਹੁੰਦਾ ਹੈ। ਪਰ ਇਹ ਸਤਲੁਜ ਨਹੀਂ ਹੈ।'

'ਕਦੀ ਸਤਲੁਜ ਸੌ ਧਾਰਾ ਵਿਚ ਫੈਲ ਗਿਆ ਸੀ, ਸ਼ਾਇਦ ਇਹ ਉਸ ਦੀ ਹੀ ਕੋਈ ਧਾਰਾ ਹੋਵੇ।

ਮੈਂ ਸੋਚਦਾ, ਪਰ ਨਿਸਚੇ ਨਾਲ ਕੁਝ ਨਹੀਂ ਸਾਂ ਕਹਿ ਸਕਦਾ।

'ਪਰ ਇਹ ਗੱਲ ਸਾਰੇ ਹੀ ਲੋਕ ਸਵੀਕਾਰ ਕਰਦੇ ਸਨ ਕਿ ਚੱਕੀ ਦਰਿਆ ਦੇ ਦੁਆਲੇ ਵਸੇ ਹੋਏ ਲੋਕਾਂ ਦਾ ਸੁਭਾ ਬੜਾ ਤੇਜ਼ ਅਤੇ ਉਨ੍ਹਾਂ ਦੀਆਂ ਨਾਰਾਂ ਦਾ ਰੂਪ ਬੜਾ ਸ਼ਗੁੱਫਤਾ ਹੈ।

ਚੱਕੀ ਦੀ ਤੇਜ਼ ਧਾਰ ਵਿਚੋਂ ਪਾਣੀ ਪੀ ਕੇ ਉਨ੍ਹਾਂ ਨੇ ਆਪਣੇ ਰੂਪਾਂ ਨੂੰ ਨਿਖਾਰਿਆ ਹੈ ਨਾ।

'ਸਭਨਾਂ ਦਰਿਆਵਾਂ ਕਿਨਾਰੇ ਵਸੇ ਹੋਏ ਪਿੰਡਾਂ ਦੀਆਂ ਨਾਰਾਂ ਇਵੇਂ ਹੀ ਕਰਦੀਆਂ ਨੇ।

'ਗੱਲ ਸਮਝ ਨਹੀਂ ਆਈ।'

'ਸਮਾਂ ਲੱਗੇਗਾ।'

'ਕਿਉਂ ?'

'ਵਾਲ ਚਿਟੇ ਹੋਣ ਤੱਕ ਸਭ ਕੁਝ ਹੀ ਸਪਸ਼ਟ ਹੋ ਜਾਂਦਾ ਹੈ।,

ਮੈਨੂੰ ਚੱਕੀ ਤੇ ਨਹੀਂ, ਸਗੋਂ ਪੂਰਬ ਵਾਲੇ ਮੁਕੇਰੀਆਂ ਦੇ ਰਾਹ ਤੇ ਇਕ ਹੋਰ ਬਰਸਾਤੀ ਨਾਲੇ ਦੇ ਪੁਲ ਸੋਬਲੀ ਉਪਰ ਕੰਮ ਮਿਲਿਆ ਸੀ, ਪਰ ਮੈਂ ਰੋਜ਼ ਹੀ ਸ਼ਾਮ ਨੂੰ ਛੁੱਟੀ ਕਰਕੇ ਪਿਤਾ ਜੀ ਕੋਲ ਚੱਕੀ ਦੇ ਆਂਚਲ ਵਿਚ ਪੁੱਜ ਜਾਂਦਾ। ਪਿਤਾ ਜੀ ਮੈਨੂੰ ਪੁਲਾਂ ਦਾ ਨਕਸ਼ਾ ਵੇਖਣਾ ਦਸਦੇ ਪਰ ਮੈਨੂੰ ਉਸ ਦੀ ਕਦੀ ਵੀ ਸਮਝ ਨਾ ਆਈ, ਕਿਉਂ ਕਿ ਮੈਨੂੰ ਪੁਲਾਂ ਦੇ ਕੰਮ ਵਿਚ ਕੋਈ ਵੀ ਦਿਲਚਸਪੀ ਨਹੀਂ ਸੀ। ਪਰ ਪੁਲਾਂ ਦੇ ਕੋਲ ਰਹਿਕੇ ਦਰਿਆਵਾਂ ਦੇ ਅਨੰਤ ਵਹਿਣ ਨਾਲ ਜ਼ਰੂਰ ਮੁੁਹੱਬਤ ਹੋ ਗਈ। ਹੁਣ ਵੀ ਜਦੋਂ ਕਦੀ ਵੀ ਮੈਂ ਝਮੇਲਿਆਂ ਵਲੋਂ ਚੋਭਦਾ ਹਾਂ ਤਾਂ ਮੇਰੀ ਆਤਮਾ ਦਰਿਆਵਾਂ ਦੇ ਕਿਨਾਰੇ ਪੁਜਕੇ ਹੀ ਪੁਰਸਕੂਨ ਹੁੰਦੀ ਹੈ।

ਮੇਰੇ ਮਨ ਵਿਚ ਦਰਿਆਵਾਂ ਬਾਰੇ ਇਹ ਗੱਲ ਜਾਨਣ ਦੀ ਤਾਂਘ ਜ਼ਰੂਰ ਬਣੀ ਰਹੀ ਹੈ ਕਿ ਉਹ ਕਿਥੋਂ ਆਉਂਦੇ ਤੇ ਕਿਧਰ ਜਾਂਦੇ ਨੇ ? ਮੇਰੇ ਚਾਚੇ ਦਾ ਪੁੱਤਰ ਰਾਜਕੁਮਾਰ ਉਨ੍ਹਾਂ ਦਿਨਾਂ ਵਿਚ ਪੁਲਾਂ ਦੀ ਕਾਰੀਗਰੀ ਬਾਰੇ ਕੋਈ ਪੜਾਈ ਕਰ ਰਿਹਾ ਸੀ ਤੇ ਉਹ ਪੁਲਾਂ ਬਾਰੇ ਬਹੁਤ ਸਾਰੀਆਂ ਕਿਤਾਬਾਂ ਵਿਚੋਂ ਪੜੇ ਹੋਏ ਨੁਕਤੇ ਮੈਨੂੰ ਦਸਦਾ।



Sri Satguru Jagjit Singh Ji Elibrary NamdhariElibrary@gmail.com

ਤੂੰ ਮੈਨੂੰ ਇਹ ਦਸ ਕਿ ਦਰਿਆਂ ਦੀ ਆਤਮਾ ਨੂੰ ਵੀ ਕੋਈ ਕਾਬੂ ਕਰ ਸਕਦਾ ਹੈ ?

'ਨਹੀਂ'

'ਕਉਂ ?'

'ਦਰਿਆ ਵੀ ਤਾਂ ਬੰਦੇ ਵਾਂਗ ਹੀ ਮੂੰਹ ਜ਼ੋਰ ਹੈ ਨਾ।' ਇਕ ਦਿਨ ਕੀ ਹੋਇਆ। ਮੈਂ ਤੇ ਰਾਜ ਕੁਮਾਰ ਚੱਕੀ ਦਰਿਆ ਦੀ ਧਾਰ ਦੇ ਨਾਲ-ਨਾਲ ਉਪਰ ਵਲ, ਪਾਣੀ ਦੀ ਵਿਰੋਧੀ ਦਿਸ਼ਾ ਨੂੰ ਚਲ ਪਏ,

'ਸਦਾ ਵਿਰੋਧੀ ਦਿਸ਼ਾ ਵਲ ਹੀ ਜਾਣਾ ਚਾਹੀਦਾ ਹੈ।' ਉਹਨੇ ਮੈਨੂੰ ਕਿਹਾ।

'ਕਿਉਂ ?'

'ਇਹਦੇ ਨਾਲ ਬੰਦੇ ਦੀ ਤਾਕਤ ਬਣੀ ਰਹਿੰਦੀ ਹੈ।' ਉਹ ਜ਼ੋਰ ਦੇ ਕੇ ਬੋਲਿਆ—'ਨਾਲੇ ਪਾਣੀ ਦੀ ਧਾਰ ਦੇ ਨਾਲ-ਨਾਲ ਵਗਣਾ ਕਿਹੜਾ ਔਖਾ ਕੰਮ ਹੈ।'

'ਪਰ ਫੇਰ ਵੀ ਕਿੰਨੇ ਲੋਕ ਵਗਦੇ ਹਨ ?'

'ਲੋਕ ਤਾਂ ਹਰ ਕੰਮ ਕਰਨ ਤੋਂ ਡਰਦੇ ਨੇ।'

ਚੱਕੀ ਦਰਿਆ ਦੇ ਵਹਾਅ ਦੇ ਸੱਜੇ ਪਾਸੇ ਧੌਲਾ-ਧਾਰ ਦੀਆਂ ਚੋਟੀਆਂ ਹਨ ਅਤੇ ਖੱਬੇ ਪਾਸੇ ਵਲ ਪੀਰ ਪੰਜਾ ਜਿਧਰ ਚੰਬਾ ਸ਼ਹਿਰ ਵਸਿਆ ਹੋਇਆ ਹੈ।

'ਚੰਬੇ ਦੀਆਂ ਕੁੜੀਆਂ ਬੜੀਆਂ ਖ਼ੂਬਸੂਰਤ ਹੁੰਦੀਆਂ ਨੇ।' ਰਾਜਕੁਮਾਰ ਨੇ ਮੈਨੂੰ ਦੱਸਿਆ। ਮੈਂ ਚੁੱਪ ਰਿਹਾ, ਉਹ ਕੁੜੀਆਂ ਵੇਖੀਆਂ ਨਹੀਂ ਸਨ। ਕੀ ਕਹਿੰਦਾ।

ਚੱਕੀ ਦੇ ਨਾਲ-ਨਾਲ ਰਾਹ ਵਿਚ ਲੋਕਾਂ ਨੇ ਅੰਬਾਂ ਦੇ ਬਾਗ ਅਤੇ ਸੰਤਰਿਆਂ ਦੇ ਬਗੀਚੇ ਲਾਏ ਹੋਏ ਸਨ। ਇਕ ਪਹਾੜੀ ਝਰਨੇ ਦੇ ਵਿਚ, ਸਰਕੜਿਆਂ ਦੀ ਓਟ 'ਚ ਪਿੰਡ ਦੀਆਂ ਯੁਵਤੀਆਂ ਨਹਾ ਰਹੀਆਂ ਤੇ ਸਰੀਰਾਂ ਨਾਲ ਕਲੋਲ ਕਰ ਰਹੀਆਂ ਸਨ।

ਸਾਨੂੰ ਉਥੇ ਹੀ ਮੰਜ਼ਿਲ ਦਿਸ ਪਈ। ਪਰ ਰਾਜਕੁਮਾਰ ਫਿਲਾਸਫੀ ਦਾ ਵੀ ਵਿਦਿਆਰਥੀ ਸੀ ਤੇ ਸੁੰਦਰਤਾ ਨੂੰ ਕੇਵਲ ਚਮੜੀ ਤਕ ਹੀ ਗਹਿਰੀ ਸਮਝਦਾ ਸੀ।

'ਚਮੜੀ ਤੋਂ ਥੱਲੇ ਤਾਂ ਸਿਰਫ ਮਾਸ ਅਤੇ ਹੱਡੀਆ
ਹੀ ਨੇ।' ਉਹ ਬਹਿਸ ਵੇਲੇ ਕਹਿੰਦੇ।

ਸਾਨੂੰ ਪਤਾ ਵੀ ਨਾ ਲਗਾ ਤੇ ਅਸੀ ਨੂਰਪੁਰ
ਕਿਲੇ, ਕੋਲ ਪੁਜ ਗਏ। ਅਸੀਂ ਤਾਂ ਚੱਕੀ ਦੀ ਧਾਰ
ਨਾਲ-ਨਾਲ ਚਲ ਰਹੇ ਸਾਂ, ਕਿਲਾ ਤਾਂ ਆਪਣੇ ਆਪ
ਰਾਹ ਵਿਚ ਆ ਗਿਆ।

'ਇਹ ਸ਼ਹਿਰ ਜਹਾਂਗੀਰ ਦੇ ਸਤਿਕਾਰ ਵਿਚ
ਨੂਰਜਹਾਂ ਦੇ ਨਾਂ ਨਾਲ ਵਸਾਇਆ ਗਿਆ ਸੀ। ਪਰਬਤ
ਦਾਮਨ ਵਿਚ ਧੜਕਦੇ ਨੂਰਪੁਰ ਨੂੰ ਵੇਖਕੇ ਰਾਜਕੁਮਾਰ
ਕਿਹਾ। ਉਸ ਵੇਲੇ ਮੇਰੇ ਮਨ 'ਚ ਇਕ ਲੋਕ ਗੀਤ
ਕੰਬ ਗਏ :

ਨੂਰਪੁਰ ਦੀਆਂ ਸੁੰਦਰ ਨਾਰਾਂ।
ਰੂਪ ਉਨ੍ਹਾਂ ਦੇ ਕੱਚ ਵਰਗਾ ਬੋਲੀਆ

ਰਾਜ ਕੁਮਾਰ ਨੂੰ ਉਥੇ ਕਈ ਬੁਢੇ ਜਾਣਦੇ ਸਨ
'ਇਨ੍ਹਾਂ ਦੇ ਮੁੰਡੇ ਚੱਕੀ ਪੁਲ ਤੇ ਕੰਮ ਕਰਦੇ ਨੇ।' ਮੈ
ਉਨੇ ਕਿਹਾ। ਕਈਆਂ ਨੇ ਸਾਨੂੰ ਚਾਹ ਪਾਣੀ ਪੁਛਿਆ
ਪਰ ਰਾਜਕੁਮਾਰ ਇਕ ਅਫਸਰ ਦਾ ਪੁੱਤਰ ਸੀ, ਕਿਸੇ ਆ
ਆਦਮੀ ਨੂੰ ਉਹ ਇਸ ਤਰਾਂ ਦਾ ਮੌਕਾ ਨਹੀਂ ਸੀ ਦਿੰਦਾ।

'ਆਪਾਂ ਇਥੇ ਬਹੁਤਾ ਚਿਰ ਨਹੀਂ ਠਹਿਰਣਾ।' ਉਹਨੇ ਕਿਹਾ।

'ਕਿਉਂ ?'

ਇਥੇ ਤਾਂ ਪੀਣ ਦਾ ਪਾਣੀ ਵੀ ਬੜੀ ਔਖਿਆਈ
ਨਾਲ ਮਿਲਦੈ।

'ਫੇਰ ਇਹ ਲੋਕ ਜੀਉਂਦੇ ਕਿਵੇਂ ਨੇ ?'

'ਹਿੰਮਤ ਨਾਲ।'

ਇਕ ਬੁੱਢੇ ਪਹਾੜੀਏ ਨੇ ਮੈਨੂੰ ਦੱਸਿਆ, 'ਸਾਡੇ
ਰਾਜੇ ਰਾਮ ਸਿੰਘ ਪਠਾਨੀਆਂ ਨੇ ਅੰਗ੍ਰੇਜ਼ਾਂ ਵਿਰੁਧ ਵਿਦਰੋਹ
ਕੀਤਾ ਸੀ। ਸਿੱਖਾਂ ਦੀ ਮਦਦ ਨਾਲ ਉਹਨੇ ਅੰਗ੍ਰੇਜ਼ਾਂ ਦੀ
ਬੜੀ ਤਬਾਹੀ ਕੀਤੀ, ਪਰ ਅੰਤ ਨੂੰ ਹਾਰ ਕੇ ਨਹੀਂ ਸਗੋਂ
ਸਾਜ਼ਿਸ਼ ਕਰਕੇ ਫੜਿਆ ਗਿਆ ਤੇ ਅੰਗ੍ਰੇਜ਼ਾਂ ਨੇ ਉਹਨੂੰ
ਸਿੰਘਾਪੁਰ 'ਚ ਜਲਾਵਤਨ ਕਰ ਦਿਤਾ।'



Sri Satguru Jagjit Singh Ji Elibrary NamdhariElibrary@gmail.com

ਰਾਜ ਕੁਮਾਰ ਬੋਲਿਆ 'ਪਰ ਉਹ ਫੂਕਿਆ ਗਿਆ ਨੂਰਪੁਰ ਵਿਚ ਹੀ।'

'ਹਾਂ।' ਬੁੱਢੇ ਦੀਆਂ ਅੱਖਾਂ ਖਾਰੇ ਪਾਣੀ ਨਾਲ ਧੁੰਦਲੀਆਂ ਹੋ ਗਈਆਂ।

ਰਾਜ ਕੁਮਾਰ ਮੇਰਾ ਹੱਥ ਫੜ ਕੇ ਅੱਗੇ ਵਧ ਗਿਆ। ਫੇਰ ਉਹਨੇ ਹੱਸ ਕੇ ਕਿਹਾ।

'ਹੋਰ ਘੜੀ ਭਰ ਨੂੰ ਇਸ ਬੁੱਢੇ ਨੇ ਇਹ ਵੀ ਕਹਿਣਾ, ਸਾਡੇ ਰਾਜਾ ਬੀਰ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਅਧੀਨ ਕਰਨ ਦਾ ਜਤਨ ਕੀਤਾ, ਪਰ ਉਹਦੀ ਸੁਤੰਤਰ ਆਤਮਾ ਬੰਦੀ ਨਾ ਬਣੀ। ਅੰਤ ਵੇਲੇ ਉਹ ਵੀ ਕਿਲੇ ਦੀਆਂ ਕੰਧਾਂ ਕੋਲ ਹੀ ਮਰਿਆ।

'ਰਾਜਪੂਤ ਹੋਵੇਗਾ।' ਮੈਂ ਕਿਹਾ। ਉਹਨੇ ਮਲਕੜੇ ਜਿਹੇ ਕਿਹਾ—ਹਾਂ।

ਚੱਕੀ ਦਰਿਆ ਦੇ ਕਿਨਾਰੇ ਤੇ ਵਸੇ ਹੋਏ ਨੂਰਪੁਰ ਦੀ ਸਭ ਤੋਂ ਵੱਡੀ ਦਿਲਚਸਪੀ ਮੇਰੇ ਲਈ ਉਥੋਂ ਦਾ ਕ੍ਰਿਸ਼ਣ ਮੰਦਿਰ ਸੀ ਜਿਸ ਨੂੰ ਰਾਜਾ ਬਾਸੂ (੧੫੮੦—੧੬੧੩) ਨੇ ਬਣਵਾਇਆ ਸੀ। ਹੁਣ ਉਸ ਕ੍ਰਿਸ਼ਣ ਮੰਦਿਰ ਦਾ ਹੇਠਲਾ ਹਿੱਸਾ ਹੀ ਕਾਇਮ ਹੈ।

ਮੰਦਿਰ ਦੀਆਂ ਦੀਵਾਰਾਂ ਉਪਰ ਕ੍ਰਿਸ਼ਣ ਅਤੇ ਗੋਪੀਆਂ ਦੀਆਂ ਤਸਵੀਰਾਂ ਚਿਤਰੀਆਂ ਹੋਈਆਂ ਸਨ, ਪਰ ਉਨ੍ਹਾਂ ਦਾ ਪ੍ਰਭਾਵ ਧੁੰਦਲਾ ਜਿਹਾ ਸੀ

ਕਿਲੇ ਦੇ ਖੰਡਰਾਂ ਵਿਚਲੇ ਮੰਦਿਰ ਵਿਚ ਵੀ ਅਸਾਂ ਚਿਤਰਕਾਰੀ ਵੇਖੀ ਸੀ। ਸ਼ਾਇਦ ਉਹ ਭਾਗਵਤ ਪੁਰਾਣ ਦੇ ਦ੍ਰਿਸ਼ ਸਨ। ਦਰਵਾਜ਼ਿਆਂ ਉਪਰ ਵੀ ਔਰਤਾਂ ਦੀਆਂ ਤਸਵੀਰਾਂ।

... ... ...

ਮਾਈ ਸਾਂਵਰੇ ਰੰਗ ਰਾਚੀ

ਸਾਜ ਸਿੰਗਾਰ ਬਾਂਧ ਪਗ ਘੁੰਗਰੂ

ਲੋਕ ਲਾਜ ਤਜ ਨਾਚੀ।

ਮੀਰਾ ਬਾਈ ਕ੍ਰਿਸ਼ਨ ਦੇ ਜਿਸ ਸਾਂਵਲੇ ਰੂਪ ਨੂੰ ਪਿਆਰ ਕਰਦੀ ਸੀ, ਰਾਜੇ ਨੇ ਉਸੇ ਨੂੰ ਹੀ ਚਿਤੌੜ ਦੇ ਮੰਦਿਰ ਤੋਂ ਲਿਆ ਕੇ ਨੂਰਪੁਰ ਦੇ ਕ੍ਰਿਸ਼ਨ ਮੰਦਿਰ ਵਿਚ ਕੀਤਾ ਸੀ।

'ਇਹ ਕਿਵੇਂ ਸੰਭਵ ਸੀ ?'

'ਬਸ ਵੇਖ ਲੈ।'

ਫੇਰ ਤਾਂ ਮੀਰਾ ਬਾਈ ਦੀ ਆਤਮਾ ਵੀ ਇਥੇ ਹੀ ਆ ਗਈ ਹੋਵੇਗੀ।'

'ਕੀ ਕਿਹਾ ਜਾ ਸਕਦਾ ਹੈ।'

ਉਹਦੇ ਗੀਤਾਂ ਦੀ ਆਤਮਾਂ ਤਾਂ ਦੇਸ਼ ਭਰ ਵਿਚ ਖਿੰਡ ਗਈ ਏ।'

ਅਸਲ 'ਚ ਉਹ ਵਿਰਹਾ ਦੇ ਗੀਤ ਨੇ।'

'ਪਤਾ ਨਹੀਂ ਲੋਕਾਂ ਨੂੰ ਵਿਰਹਾ ਨਾਲ ਏਨਾ ਮੋਹ ਕਿਉਂ ਹੈ ?'

'ਵਿਰਹਾ—ਵਿਯੋਗ ਮਨ ਨੂੰ ਸਾਫ਼ ਕਰ ਦਿੰਦੇ ਨੇ।'

'ਤਦੇ ਹੀ ਲੋਕ ਮੀਰਾ ਬਾਈ ਨੂੰ ਬਹੁਤ ਪਸੰਦ ਕਰਦੇ ਨੇ ?'

'ਹਾਂ, ਉਹਦੇ ਗੀਤਾਂ ਵਿਚ ਸਾਧਾਰਨ ਔਰਤ ਵਾਲਾ ਪਿਆਰ ਵੀ ਹੈ ਅਤੇ ਆਤਮਿਕ ਭਗਤੀ ਪ੍ਰੇਮ ਵੀ। ਲੋਕ ਆਪਣੀ ਆਪਣੀ ਭਾਵਨਾ ਅਨੁਸਾਰ ਮਤਲਬ ਕਢ ਲੈਂਦੇ ਨੇ।'

'ਇਹ ਨਹੀਂ ਹੋ ਸਕਦਾ ਕਿ ਚੰਗੀ ਰਚਨਾ ਦਾ ਕੇਵਲ ਇਕੋ ਹੀ ਮਤਲਬ ਹੋਵੇ।'

ਨਹੀਂ! ਵਧੀਆ ਰਚਨਾ 'ਚ ਇਸ ਤਰ੍ਹਾਂ ਨਹੀਂ ਹੁੰਦਾ।'

'ਇਹ ਗੱਲ ਮੈਨੂੰ ਸਮਝ ਨਹੀਂ ਆਈ।'

'ਤੂੰ ਰਚਨਾ ਨੂੰ ਵੀ ਚੱਕੀ ਦਰਿਆ ਦੀ ਤੇਜ਼ ਧਾਰ ਹੀ ਸਮਝ। ਹਰ ਬੰਦਾ ਇਸ ਧਾਰ ਨੂੰ ਆਪਣੇ ਆਪਣੇ ਢੰਗ ਹੀ ਵੇਖਦਾ ਹੈ।



Sri Satguru Jagjit Singh Ji Elibrary NamdhariElibrary@gmail com

ਕਈ ਵਰ੍ਹੇ ਪਹਿਲਾਂ ਜਸਵੰਤ ਸਿੰਘ ਰਾਹੀ ਰੂਪੋਸ਼ੀ ਦੇ ਦਿਨਾਂ ਵਿਚ ਜਦੋਂ ਚੱਕੀ ਦਰਿਆ ਦੇ ਕਿਨਾਰੇ ਵਸੇ ਹੋਏ ਪਿੰਡਾਂ 'ਚ ਲੁਕਿਆ ਰਿਹਾ ਸੀ ਤਾਂ ਉਹਨੇ ਇਸ ਦੇ ਜਿੰਨੇ ਜਲਵੇ ਤੱਕੇ ਸਨ, ਉਨ੍ਹਾਂ ਦਾ ਬਿਆਨ ਕਿਵੇਂ ਹੋਵੇ।

ਜਦੋਂ ਅਸੀਂ ਵਾਪਿਸ ਪਰਤ ਰਹੇ ਸਾਂ ਤਾਂ ਰਾਜ ਕੁਮਾਰ ਨੇ ਕਿਹਾ—'ਆਪਣੇ ਐਮ. ਐਸ. ਰੰਧਾਵਾ ਸਾਹਿਬ ਵੀ ਇਥੇ ਚਿਤਰਕਾਰੀ ਵੇਖਣ ਅਤੇ ਉਹਦੇ ਬਾਰੇ ਲਿਖਣ ਲਈ ਬੜੀ ਵਾਰ ਆਏ ਨੇ।'

ਉਨ੍ਹਾਂ ਦਿਨਾਂ ਵਿਚ ਰੰਧਾਵਾ ਸਾਹਿਬ ਜਲੰਧਰ ਦੇ ਕਮਿਸ਼ਨਰ ਸਨ ਤੇ ਆਪਣੀ ਬੀਵੀ ਨਾਲ ਕਮਿਸ਼ਨਰ ਦੀ ਕੋਠੀ ਤੋਂ ਲੈ ਕੇ ਸਟੇਸ਼ਨ ਤਕ ਪੈਦਲ ਹੀ ਸੈਰ ਲਈ ਜਾਇਆ ਕਰਦੇ ਸਨ।

ਕਮਿਸ਼ਨਰ ਵਰਗੇ ਉੱਚ ਅਧਿਕਾਰੀ ਨੂੰ ਪੈਦਲ ਹੀ ਗਲੀਆਂ ਬਜ਼ਾਰਾਂ ਵਿਚ ਵੇਖਕੇ ਲੋਕ ਹੈਰਾਨ ਹੁੰਦੇ। ਬਹੁਤ ਘੱਟ ਲੋਕਾਂ ਨੂੰ ਪਤਾ ਸੀ ਕਿ ਰੰਧਾਵਾ ਬੜਾ ਵੱਡਾ ਕਲਾਕਾਰ ਅਤੇ ਸਾਹਿਤ ਤੇ ਕਲਾ ਦਾ ਪ੍ਰੇਮੀ ਵੀ ਸੀ।

ਅਸੀਂ ਵਾਪਿਸ ਮੁੜੇ ਤਾਂ ਸ਼ਾਮ ਢਲ ਗਈ ਸੀ। ਮੈਂ ਕਿਹਾ—'ਰਾਜ ਜੀ। ਕਦੀ ਏਦਾਂ ਨਹੀਂ ਹੋ ਸਕਦਾ ਕਿ ਇਕ ਦਿਨ ਆਪਾਂ ਚੱਕੀ ਦੇ ਸੋਮੇ ਤਕ, ਇਹਦੇ ਨਾਲ ਨਾਲ ਜਾਈਏ।'

'ਮੈਂ ਬਹੁਤ ਉਪਰ ਤਕ ਗਿਆ ਹਾਂ।'

'ਫੇਰ ?'

'ਪਰ ਮੈਨੂੰ ਤਾਂ ਇਹਦਾ ਸੋਮਾ ਕਿਤੇ ਨਹੀਂ ਲਭਾ।'

'ਕਿਤੇ ਪੜ੍ਹਿਆ ਵੀ ਨਹੀਂ ?'

'ਹਾਲੇ ਤਕ ਤਾਂ ਨਹੀਂ.........। ਉਂਜ ਮੈਂ ਭਾਰਤ ਦੇ ਸ਼ਾਹੀ ਗਜ਼ਟੀਅਰ 'ਚ ਪੜ੍ਹਿਆ ਸੀ ਕਿ ਚੱਕੀ ਚੰਬੇ ਦੇ ਪਹਾੜਾਂ ਦਾ ਪਾਣੀ ਸਮੇਟ ਕੇ ਚਲਦਾ ਹੈ।

ਪਹਿਲਾਂ ਇਹਦੀਆਂ ਦੋ ਧਾਰਾਂ ਸਨ, ਜਿਨ੍ਹਾਂ ਵਿਚੋਂ ਇਕ ਨੂੰ ਅਪਰ ਬਾਰੀ ਦੁਆਬ ਨਹਿਰ ਦੇ ਪਾਣੀ ਨੇ ਰੋਕ ਲਿਆ। ਉਹ ਪਹਿਲਾਂ ਰਾਵੀ ਦੀ ਸਹਾਇਕ ਸੀ, ਪਰ ... ਉਹ ਵੀ ਬਿਆਸ ਵਿਚ ਹੀ ਡਿਗਦੀ ਹੈ।'

'ਫੇਰ ਚੱਕੀ ਦਾ ਸੋਮਾ ਕਿਥੇ ਹੋਇਆ ?'

'ਚੰਗੀ ਦਰ੍ਹੇ ਦੇ ਨੇੜੇ ਕਿਤੇ।'

'ਪਰ ਕਿਥੇ ?'

'ਪਤਾ ਨਹੀਂ।'

'ਇਹ ਖੋਜ ਕਰਨ ਵਾਲੀ ਗੱਲ ਨਹੀਂ ?'

'ਫੇਰ ਜੁਗਰਾਫੀਏ ਵਾਲੇ ਕਰਨ। ਉਨ੍ਹਾਂ ਦਾ ਹੋਰ ... ਕੰਮ ਹੈ।'

ਸਾਡੇ ਦੇਸ਼ ਬਾਰੇ ਜਿੰਨੀ ਖੋਜ ਅੰਗ੍ਰੇਜ਼ਾਂ ਨੇ ਕੀਤੀ ... ਹੋਰ ਕਿਸੇ ਨੇ ਨਹੀਂ।'

ਪਲ ਭਰ ਮਗਰੋਂ ਮੈਂ ਉਹਨੂੰ ਕਹਿ ਰਿਹਾ ਸਾਂ, '... ਦਿਨ ਆਪਾਂ ਚੱਕੀ ਦੇ ਨਾਲ ਨਾਲ ਉਸ ਥਾਂ ਤੇ ਵੀ ਜਾ... ਜਿਥੇ ਇਹ ਬਿਆਸ ਨਾਲ ਰਲਦਾ ਹੈ।'

ਹਾਂ ਦੀਨਾ ਨਗਰ ਦੇ ਨੇੜੇ ਚੜ੍ਹਦੇ ਵਲ ਮੀਰਥਲ ...

'ਆਪਾਂ ਚਲਾਂਗੇ।'

'ਚੰਗਾ।'

ਚੱਕੀ ਦਾ ਪਾਣੀ ਪਹਿਲਾਂ ਵਾਂਗ ਹੀ ਤੇਜ਼ ਰ... ਸੀ। ਪੁਲ ਨੇੜੇ ਪੁਜਕੇ ਰਾਜ ਨੇ ਪੁਛਿਆ : ਤੈਨੂੰ ਨੂਰਪੁਰ... ਕਿਹੜੀ ਚੀਜ਼ ਚੰਗੀ ਲੱਗੀ ?'

ਕ੍ਰਿਸ਼ਨ ਮੰਦਿਰ, ਜਿਥੇ ਕਿ ਮੀਰਾ ਦਾ ਪ੍ਰ... ਕ੍ਰਿਸ਼ਨ ਬਿਰਾਜਮਾਨ ਹੈ।'

'ਸਚ ਦਸਾਂ।' ਉਸਨੇ ਵਜਦ ਵਿਚ ਆਕੇ ... 'ਮੈਂ ਕਈ ਵਾਰ ਰਾਤ ਦੀ ਇਕਾਂਤ ਵਿਚ ਚੱਕੀ ਦੇ ... ਵਿਚੋਂ ਮੀਰਾਂ ਦੇ ਭਜਨਾਂ ਵਰਗੀ ਕੋਈ ਆਵਾਜ਼ ਸੁਣਦਾ ... ਪਰ ਮੈਨੂੰ ਸਮਝ ਨਹੀਂ ਸੀ ਆਈ ਕਿ ਉਹ ਕੀ ਚੀਜ਼ ਹੈ...

ਇਹਦੀ ਲਹਿਰ ਲਹਿਰ 'ਚ ਇਕ ਗੀਤ।

'ਹਾਂ।'

'ਹਾਂ, ਜੇਕਰ ਕੋਈ ਸੁਣ ਸਕੇ।'



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

## Once Purchased Ever Purchased

AT

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE



Sri Satguru Jagjit Singh Ji Elibrary NamdhariElibrary@gmail.com

# "ਪਿਆਰ ਦੇ ਦੋ ਰੂਪ"

(ਤਰਲੋਕ ਮਨਸੂਰ)

ਕਦੇ ਕਦੇ ਇੰਜ ਲਗਦਾ ਹੈ, ਜਿਵੇਂ ਮੈਂ ਇਸ ਦੁਨੀਆਂ ਦੇ ਬਾਜ਼ਾਰ ਵਿਚ ਗੁਆਚ ਗਿਆ ਇਕ ਬਾਲ ਹੋਵਾਂ। ਕਰੋੜਾਂ ਮੂੰਹ ਹਨ, ਪਰ ਇਹਨਾਂ ਵਿਚੋਂ ਮੇਰਾ ਆਪਣਾ ਕੋਈ ਨਹੀਂ। ਕੋਈ ਨਹੀਂ ਪਛਾਣਦਾ ਮੈਨੂੰ ਸਭ ਆਪਣੇ ਆਪ ਵਿਚ ਮਸਤ ਤੁਰੀ ਜਾ ਰਹੇ ਹਨ, ਕੋਈ ਨਹੀਂ ਵੇਖਦਾ ਮੇਰੇ ਵਲ ਦੁਨੀਆਂ ਦੀ ਇਸ ਗਹਿਮਾਂ ਗਹਿਮੀ ਵਿਚ ਮੈਂ ਇਕਲਾ ਹਾਂ। ਬਿਲਕੁਲ ਇਕਲਾ।

ਪਰ ਇੰਜ ਕਦੇ ਕਦੇ ਹੀ ਲਗਦਾ ਹੈ।

ਬਹੁਤੀ ਵਾਰੀ ਇੰਜ ਮਹਿਸੂਸ ਕਰਦਾ ਹਾਂ, ਜਿਵੇਂ ਇਸ ਧਰਤੀ ਦੀ ਹਿਕ ਤੇ ਰਖੀ ਮੈਂ ਇਕ ਪਿਆਰ ਦੀ ਪੋਟਲੀ ਹਾਂ। ਕਿਸੇ ਚੱਟਾਨ ਵਾਂਗ ਦਰਿੜ, ਅਡੋਲ ਤੇ ਅਹਿਲ ਪਿਆ ਹਾਂ। ਮੇਰੇ ਆਸਣ ਤੋਂ ਮੈਨੂੰ ਕੋਈ ਹਿਲਾ ਨਹੀਂ ਸਕਦਾ। ਮੇਰੀਆਂ ਬਹੁਤ ਲੰਮੀਆਂ ਅਦਿਖ ਬਾਹਾਂ ਹਨ। ਧਰਤੀ ਦੇ ਇਸ ਸਿਰੇ ਤੋਂ ਓਸ ਸਿਰੇ ਤਕ ਫੈਲੀਆਂ ਹੋਈਆਂ। ਇਸ ਧਰਤੀ ਦੀ ਹਰ ਸ਼ੈਅ ਨੂੰ ਹਰ ਜੀਵ ਨੂੰ ਮੈਂ ਆਪਣੇ ਕਲਾਵੇ ਵਿਚ ਲੈਕੇ ਸੀਨੇ ਨਾਲ ਘੁਟ ਰਖਿਆ ਹੈ। ਧਰਤੀ ਉਤੇ ਵਿਚਰ ਰਹੇ ਅਰਬਾਂ ਮੂੰਹ ਮੇਰੇ ਆਪਣੇ ਹਨ। ਧਰਤੀ ਦਾ ਕਣ ਕਣ ਮੈਨੂੰ ਪਿਆਰਾ ਹੈ।

# "ਬੋਝਲ ਪੰਡ"

ਝੂਠ ਇਕ ਭਾਰੀ ਪੱਥਰ ਵਾਂਗ ਹੈ, ਜਿਸਨੂੰ ਮਨੁਖ ਆਪਣੀ ਸੋਹਲ ਆਤਮਾਂ ਉਤੇ ਚੁਕੀ ਫਿਰਦਾ ਹੈ। ਅਜੇਹੀ ਆਤਮਾਂ ਨਿਰਬਲ ਨਾਂ ਹੋਵੇ ਤਾਂ ਕੀ ਹੋਵੇ ?

# "ਹਰੀ ਚਿੜੀ ਦੀ ਯਾਦ"

ਪਹਿਲੇ ਪਹਿਰ ਸਕੂਲ ਜਾਂਦਾ ਹੁੰਦਾ ਸਾਂ। ਦੂਜੇ ਪਹਿਰ ਡੰਗਰ ਚਾਰਦਾ ਸਾਂ। ਜਿਥੇ ਆਲਮਹਾਰ ਤੇ ਛੀਲੋਮਹਾਰ ਦੀ ਹੱਦ ਮਿਲਦੀ ਹੈ, ਉਥੇ ਥੋੜੀ ਜਹੀ ਥਾਂ ਸ਼ਾਮਲਾਤ ਪਈ ਹੋਈ ਸੀ। ਉਸ ਖਾਲੀ ਪਈ ਥਾਂ ਤੇ ਮੱਝਾਂ ਚੁਗਣੀਆਂ ਛਡ ਦੇਂਦਾ ਸਾਂ ਤੇ ਆਪ ਉਸ ਹਰੀ ਚਿੜੀ ਨੂੰ ਵੇਂਹਦਾ ਹੁੰਦਾ ਸਾਂ ਜੋ ਅਜ ਵੀ ਮੇਰੀਆਂ ਯਾਦਾਂ ਦਾ ਇਕ ਅਭੁਲ ਅੰਗ ਹੈ।

ਫੁਰਰ ਕਰਦੀ ਕਿਧਰੋਂ ਉਡਦੀ ਹੋਈ ਉਹ ਆਉਂਦੀ ਸੀ। ਪਹੇ ਦੇ ਐਨ ਵਿਚ ਬਣੀ ਖੁੜ ਦੇ ਮੂੰਹ ਅਗੇ ਬੈਠਕੇ ਉਹ ਏਧਰ ਉਧਰ ਵੇਖਦੀ ਸੀ। ਫਿਰ ਮੇਰੇ ਨਾਲ ਨੈਣ ਮਿਲਾਂਦੀ ਸੀ। ਜਿਵੇਂ ਪੁਛ ਰਹੀ ਹੋਵੇ "ਮੈਂ ਅੰਦਰ ਚਲੀ ਹਾਂ, ਕੋਈ ਸ਼ਰਾਰਤ ਤੇ ਨਹੀਂ ਕਰੇਗਾ ?"

ਤੇ ਫਿਰ ਉਹ ਖੁੜ ਅੰਦਰ ਚਲੀ ਜਾਂਦੀ। ਬੜੀ ਉਤਸੁਕਤਾ ਨਾਲ ਮੈਂ ਉਸਦੇ ਬਾਹਰ ਆਉਣ ਦਾ ਇੰਤਜ਼ਾਰ ਕਰਦਾ ਰਹਿੰਦਾ। ਅਚਾਨਕ ਉਹ ਬਾਹਰ ਆਉਂਦੀ। ਨਿਰਛਲ ਨਜ਼ਰਾਂ ਨਾਲ ਮੇਰੇ ਵਲ ਵੇਖਦੀ, ਜਿਵੇਂ ਕਹਿ ਰਹੀ ਹੋਵੇ :— "ਧਨਵਾਦ" ਤੇ ਫੁਰਰ ਕਰਕੇ ਔਹ ਜਾਂਦੀ।

ਉਹ ਚਿੜੀ ਮੈਨੂੰ ਬਹੁਤ ਪਿਆਰੀ ਲਗਦੀ ਸੀ। ਇਕ ਵਾਰ ਮੈਂ ਸੋਚਿਆ—ਅੱਜ ਇਸਨੂੰ ਫੜ ਲਵਾਂਗਾ।

ਉਹ ਆਈ, ਖੁੜ ਦੇ ਮੂੰਹ ਅਗੇ ਬੈਠੀ ਕੁਝ ਪਲ ਏਧਰ ਓਧਰ ਟਪੋਸੀਆਂ ਮਾਰਦੀ ਰਹੀ। ਮੇਰੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾਈਆਂ ਤੇ ਖੁੜ ਅੰਦਰ ਚਲੀ ਗਈ।

ਪੋਲੇ ਪੋਲੇ ਪੈਰੀਂ ਮੈਂ ਅਗਾਂਹ ਵਧਿਆ ਤੇ ਖੁੜ ਦੇ ਮੂੰਹ ਉਤੇ ਹੱਥ ਰੱਖ ਦਿਤਾ। ਇੰਜ ਮੈਂ ਕੋਈ ਅੱਧਾ ਘੰਟਾ ਉਥੇ ਬੈਠਾ ਰਿਹਾ, ਪਰ ਉਹ ਬਹਾਰ ਨਾਂ ਆਈ। ਇੰਜ ਬੈਠਾ ਬੈਠਾ ਜਦੋਂ ਮੈਂ ਉਕਤਾ ਗਿਆ ਤਾਂ ਸੋਚਿਆ—ਹਥ ਚੁਕ ਕੇ ਵੇਖਾਂ ਤਾਂ ਸਹੀ, ਕਰ ਕੀ ਰਹੀ ਹੈ ?

ਮੈਂ ਹਥ ਉਤਾਂਹ ਚੁਕਿਆ ਤਾਂ ਉਹ ਫੁਰਰ ਕਰਦੀ ਬੇਰੀ ਦੀ ਸਭ ਤੋਂ ਉਤਲੀ ਟਾਹਣੀ ਤੇ ਜਾ ਬੈਠੀ। ਉਹ ਮੇਰੇ ਵਲ ਵੇਖ ਰਹੀ ਸੀ ਜਿਵੇਂ ਪੁਛ ਰਹੀ ਹੋਵੇ :—"ਸੁਣਾ, ਫੜ ਲਿਆ ਈ ? ਜੁੜ ਜਾਣਾ, ਸ਼ੈਤਾਨ ਕਿਤੇ ਦਾ।"



Sri Satguru Jagjit Singh Ji Elibrary NamdhariElibrary@gmail.com

### ਮੈਂ ਸ਼ਰਮਾ ਗਿਆ ਸਾਂ

ਅਜ ਬਹੁਤ ਜੀਅ ਕਰਦਾ ਹੈ—ਆਲੋਮਹਾਰ ਜਾਣ ਦੀ ਇਜਾਜ਼ਤ ਮਿਲ ਜਾਵੇ (ਇਹ ਪਿੰਡ ਜ਼ਿਲਾ ਸਿਆਲਕੋਟ ਵਿਚ ਹੈ) ਆਪਣੀ ਜਨਮ ਭੂਮੀ ਦੀ ਜੂਹ ਵਿਚ ਵਸਦੀ ਉਸ ਚਿੜੀ ਦੀ ਖੁੱਡ ਅਗੇ ਜਾ ਖਲੋਵਾਂ। ਫੁਰਰ ਕਰਦੀ ਉਹ ਆਵੇ। ਖੁੱਡ ਦੇ ਮੂੰਹ ਅਗੇ ਬੈਠਕੇ ਮੇਰੇ ਵਲ ਉਹਦੀਆਂ ਖਾਮੋਸ਼ ਨਿਗਾਹਾਂ ਆਖਣ :—ਹੁਣ ਤੇ ਸਿਆਣਾ ਹੋ ਗਿਆ ਲਗਦਾ ਏ, ਹੁਣ ਨਾਂ ਕੋਈ ਅਗੇ ਵਰਗੀ ਸ਼ਰਾਰਤ ਕਰੀਂ।"

ਉਹ ਅੰਦਰ ਚਲੀ ਜਾਵੇ ਤੇ ਮੈਂ ਬਾਹਰ ਬੈਠਾ ਉਸਦਾ ਇੰਤਜ਼ਾਰ ਕਰਾਂ।

ਕੀ ਖਿਆਲ ਹੈ ਤੁਹਾਡਾ ?

ਪੰਜਾਹ ਸਾਲ ਬਾਦ ਕੀ ਉਹ ਅਜ ਵੀ ਉਸ ਖੁੱਡ ਅਗੇ ਬੈਠੀ ਮੇਰੀ ਉਡੀਕ ਕਰ ਰਹੀ ਹੋਵੇਗੀ ?

ਹਰੀਪੁਰ ਨਾਇਕ
(ਨੈਨੀਤਾਲ)

---

## ਵਰਿਆਮ ਨੂੰ ਸਹਿਯੋਗ

੧ ਸ: ਸੂਰਤ ਸਿੰਘ ਹੰਸਪਾਲ ਬਿਜਨੌਰ ਦੇ ਸਪੁਤਰ ਗੁਰਮੀਤ ਸਿੰਘ ਦਾ ਅਨੰਦ ਕਾਰਜ ਦਿਲੀ ਰਮੇਸ਼ ਨਗਰ ਧਰਮਸਾਲਾ ਵਿਚ ੪ ਜੂਨ ੧੯੯੧ ਨੂੰ ਬੀਬੀ ਹਰਮੀਤ ਕੌਰ ਸਪੁਤਰੀ ਸ: ਬਾਵਾ ਸਿੰਘ ਨਾਮਧਾਰੀ ਕਾਲੋਨੀ ਨਵੀਂ ਦਿਲੀ ਨਾਲ ਹੋਇਆ। ਹੰਸਪਾਲ ਜੀ ਵਲੋਂ ੧੦੧/- ਰੁਪਿਆ ਵਰਿਆਮ ਨੂੰ ਸਹਿਯੋਗ ਵਜੋਂ ਦਿਤਾ ਗਿਆ।

੨ ਸ: ਮਹਿੰਦਰ ਸਿੰਘ ਬਾਲੀ ਨਗਰ ਵਰਿਆਮ ਦੇ ਸਹਾਇਕ ਹਨ। ਉਹਨਾਂ ਇਕ ਸੌ ਰੁਪਿਆ ਵਰਿਆਮ ਦੀ ਚੜ੍ਹਦੀ ਕਲਾ ਵਾਸਤੇ ਭੇਜਿਆ ਹੈ।

੩ ਜੰਮੂ ਨਿਵਾਸੀ ਸ: ਜਸਵੰਤ ਸਿੰਘ ਮੁਹਾਰਾਂ ਵਾਲਿਆਂ ਨੇ ਆਪਣੇ ਸਪੁਤਰ ਸ: ਕੁਲਦੀਪ ਸਿੰਘ ਦੇ ਘਰ ਭੁਜੰਗੀ ਹੋਣ ਦੀ ਖੁਸ਼ੀ ਵਿਚ ਆਪਣੇ ਗ੍ਰਿਹਿ ਵਿਖੇ ਸਮਾਗਮ ਕੀਤਾ ਅਤੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਇਸ ਸਮੇਂ ਵਰਿਆਮ ਵਾਸਤੇ ੨੧/- ਰੁਪਏ ਸਹਾਇਤਾਂ ਭੇਜੀ ਗਈ ਹੈ।

੪ ਸੂਬਾ ਦੀਵਾਨ ਸਿੰਘ ਜੀ ਡਾਲਟਨ ਗੰਜ ਵਾਲੇ ਬੀਤੀ ਫਰਵਰੀ ਵਿਚ ਚੜ੍ਹਾਈ ਕਰ ਗਏ ਸਨ। ਉਹਨਾਂ ਦੀ ਯਾਦ ਵਿਚ ਡਾਲਟਨ ਗੰਜ ਵਿਖੇ ਜੂਨ ਮਹੀਨੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਕੀਤਾ ਗਿਆ। ਵਰਿਆਮ ਵਾਸਤੇ ੩੧/- ਰੁਪਏ ਦਿਤੇ ਗਏ।

੫ ਸਾਡੇ ਮਿੱਤਰ ਹਰਭਜਨ ਸਿੰਘ ਦੇ ਪਿਤਾ ਅਤੇ ਗਿਆਨੀ ਭਗਤ ਸਿੰਘ ਸਨਖਤਰਾ ਜੀ ਦੇ ਨਜ਼ਦੀਕੀ ਸਬੰਧੀ ਸ: ਹਰਨਾਮ ਸਿੰਘ ਜੀ ਮਾਂਗੀਆਂ ਵਾਲੇ ਬੀਤੇ ਜੂਨ ਵਿਚ ਪਰਿਵਾਰ ਨੂੰ ਦੁਖਦਾਈ ਸਦੀਵੀ ਵਿਛੋੜਾ ਦੇ ਗਏ। ਪਰਿਵਾਰ ਦੇ ਗ਼ਮ ਵਿਚ ਸ਼ਰੀਕ ਹੁੰਦੇ ਅਸੀਂ ਸਰਦਾਰ ਸਾਹਿਬ ਦੀ ਜੀਵ ਆਤਮਾ ਨਮਿਤ ਅਰਦਾਸ ਕਰਦੇ ਹਾਂ। ਭੋਗ ਸਮੇਂ ਵਰਿਆਮ ਨੂੰ ਦਸ ਰੁਪਏ ਦੀ ਸਹਾਇਤਾ ਦਿਤੀ ਗਈ।

---

### ਹਿੰਦੀ ਵਿਚ 'ਯੁਗ ਮਾਰਗ' ਦੇ ਪੰਜਾਬੀ ਕਹਾਣੀ ਵਿਸ਼ੇਸ਼ ਅੰਕ ਵਿਚ

ਕਰਤਾਰ ਸਿੰਘ ਦੁੱਗਲ, ਅਜੀਤ ਕੌਰ, ਰਾਮ ਸਰੂਪ ਅਣਖੀ, ਮਹਿੰਦਰ ਸਿੰਘ ਸਰਨਾ, ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਪ੍ਰੇਮ ਪ੍ਰਕਾਸ਼, ਜਸਬੀਰ ਭੁੱਲਰ, ਗੁਰਪਾਲ ਸਿੰਘ ਲਿਟ, ਜਗਜੀਤ ਬਰਾੜ, ਗੁਰਵੇਲ ਪੰਨੂੰ, ਜੋਗਿੰਦਰ ਸਿੰਘ ਨਿਰਾਲਾ, ਸੀ. ਮਾਰਕੰਡਾ, ਦੇਵ ਭਾਰਦਵਾਜ, ਨਵਤੇਜ ਪੁਆਧੀ, ਕੇਵਲ ਸੂਦ, ਹਰਭਜਨ ਸਿੰਘ ਖੇਮਕਰਨੀ, ਗੁਰਚਰਨ ਚਾਹਲ ਭੀਖੀ, ਬਲਦੇਵ ਸਿੰਘ, ਰਵਿੰਦਰ ਰਵੀ, ਪ੍ਰਤਜੋਤ ਕੌਰ, ਗੁਲ ਚੌਹਾਨ, ਅਤਰਜੀਤ ਆਦਿ ਪੁਰਾਣੇ ਤੇ ਨਵੇਂ ਡੇਢ ਕੁ ਕਹਾਣੀਕਾਰਾਂ ਦੀਆਂ ਚੋਣਵੀਆਂ ਕਹਾਣੀਆਂ, ਕਹਾਣੀ ਬਾਰੇ ਲੇਖ, ਟਿੱਪਣੀਆਂ, ਪਰਿਪਰਚਾ ਆਦਿ ਛਪ ਰਹੀਆਂ ਹਨ। ਕਿਤਾਬੀ ਰੂਪ 'ਚ ਵੀ ਇਹ ਇਕ ਯਾਦਗਾਰੀ ਦਸਤਾਵੇਜ਼ ਹੋਵੇਗਾ।

**ਸੰਪਾਦਕ :—ਫੂਲ ਚੰਦ ਮਾਨਵ, ਬੀ-22 ਸਿਵਲ ਸਟੇਸ਼ਨ, ਬਠਿੰਡਾ 151001**

**ਇਕ ਅੰਕ : 1 ਰੁਪਈਆ ਸਲਾਨਾ : 22 ਰੁਪਏ**

**ਸੰਪਰਕ : ਡਾ: ਚੰਦਰ ਤ੍ਰਿਖਾ, ਗਲੀ ਨੰ:-12 ਅਬੋਹਰ 152116**



Sri Satguru Jagjit Singh Ji Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 258411
: 250345
Resi. : 213059

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਕ ਦਿਲੀ ੧੧੦੦੦੬,

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006



Sri Satguru Jagjit Singh Ji Elibrary NamdhariElibrary@gmail.com

ਪਰਯਾਗ ਅਲਾਹ ਬਾਦ ਵਿਚ ਹੀ ਹੋਇਆ ਸੀ। ਅਤੇ ਤੀਸਰਾ ਇਥੇ ਨੇਪਾਲ ਵਿਚ ਹੋ ਰਿਹਾ ਸੀ। ਨੇਪਾਲ ਇਕ ਕਰੋੜ ਪੈਂਤੀ ਲੱਖ ਦੀ ਆਬਾਦੀ ਵਾਲਾ ਦੇਸ਼ ਹੈ। ਜਿਸਦਾ ਰਾਜਾ ਦੁਨੀਆ ਵਿਚ ਇਕੋ ਇਕ ਹਿੰਦੂ ਰਾਜਾ ਹੈ। ਮਹਾਤਮਾ ਬੁਧ ਦੀ ਜਨਮ ਭੂਮੀ ਨੇਪਾਲ ਵਿਚ ਹੀ ਹੈ ਅਤੇ ਇਸੇ ਦੇਸ਼ ਵਿਚ ਦੁਨੀਆਂ ਦੀ ਸਭ ਤੋਂ ਉਚੀ ਚੋਟੀ ਮਾਉਂਟ ਐਵਰੈਸਟ ਹੈ। ਜਿਸ ਦਾ ਅਸਲੀ ਨਾਮ ਸਾਗਰਮਥਾ ਹੈ। ਇਸ ਤੋਂ ਇਲਾਵਾ ਮਕਾਲੂ ਧੌਲਗਿਰੀ ਅਤੇ ਅਨਾਪੂਰਨਾ ਦੀਆਂ ਮਸ਼ਹੂਰ ਚੋਟੀਆਂ ਵੀ ਪਰਬਤਾਰੋਹੀਆਂ ਵਾਸਤੇ ਖਿਚ ਦਾ ਕਾਰਨ ਹਨ। ਬਹੁਤੀ ਆਬਾਦੀ ਹਿੰਦੂ ਹੈ ਅਤੇ ਕੁਝ ਬੋਧੀ ਹੈ। ਬੁਹਤ ਘਟ ਮੁਸਲਮਾਨ ਵੀ ਹਨ। ਸਿਖਾਂ ਦੀ ਆਬਾਦੀ ਬਹੁਤ ਥੋੜੀ ਹੈ ਪਰ ਸੁਖੀ ਹਨ। ਟ੍ਰਾਂਸਪੋਰਟ ਦਾ ਕਾਰੋਬਾਰ ਕਰਦੇ ਹਨ। ਜੰਮੂ ਕਸ਼ਮੀਰ ਦੇ ਸ: ਕਾਹਨ ਸਿੰਘ ਦੇ ਪਰਿਵਾਰ ਨੇ ਇਥੇ ਟਰਾਂਸਪੋਰਟ ਦੀ ਆਪਣੀ ਸਲਤਨਤ ਕਾਇਮ ਕੀਤੀ ਹੋਈ ਹੈ। ਸ: ਕਾਹਨ ਸਿੰਘ ਦੇ ਸਪੁਤਰ ਸ: ਪ੍ਰੀਤਮ ਸਿੰਘ ਉਥੇ ਰਹਿੰਦੇ ਹਨ ਗੁਰੂ ਨਾਨਕ ਸਤਿਸੰਗ ਸਭਾ ਦੇ ਪ੍ਰਧਾਨ ਹਨ। ਇਹਨਾਂ ਦੇ ਵਡੇ ਭਰਾ ਸ: ਰੰਗੀਲ ਸਿੰਘ ਜੰਮੂ ਕਸ਼ਮੀਰ ਵਿਚ ਮੰਤਰੀ ਰਹਿ ਚੁਕੇ ਹਨ। ਬੀਰ ਗੰਜ ਵਿਚ ਸਿਖਾਂ ਦਾ ਆਪਣਾ ਗੁਰਦੁਆਰਾ ਹੈ। ਇਥੋਂ ਦੇ ਸਿਖਾਂ ਨੇ ਇਸ ਸੰਮੇਲਨ ਵਿਚ ਵਧ ਚੜ੍ਹ ਕੇ ਹਿਸਾ ਲਿਆ ਸੁਆਗਤੀ ਕਮੇਟੀ ਵਿਚ ਵੀ ਸਨ। ਜਲੂਸ ਵਿਚ ਵੀ ਸ਼ਾਮਲ ਹੋਏ ਖਾਲਸਈ ਝੰਡੇ ਤੇ ਨੰਗੀਆਂ ਕਿਰਪਾਨਾਂ ਲੈ ਕੇ। ਸਮੇਲਨ ਸਥਲ ਤੇ ਇਹਨਾਂ ਇਕ ਤਸਵੀਰਾਂ ਦੀ ਛੋਟੀ ਜਿਹੀ ਨੁਮਾਇਸ਼ ਵੀ ਲਾਈ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਦ੍ਰਿਸ਼ ਦਸੇ ਗਏ ਸਨ।

ਅਸੀਂ ੧੧ ਅਪ੍ਰੈਲ ਦੀ ਸ਼ਾਮ ਨੂੰ ਰਕਸੌਲ ਤੋਂ ਟਾਂਗੇ ਰਾਹੀਂ ਬੀਰ ਗੰਜ ਵਾਸਤੇ ਚਲੇ। ਸਰਹਦ ਤੇ ਕਸਟਮ ਅਤੇ ਪਾਸਪੋਰਟ ਚੈਕ ਕਰਨ ਵਾਲਿਆਂ ਸੰਮੇਲਨ ਦੇ ਪ੍ਰਤੀਨਿਧ ਹੋਣ ਕਰਕੇ ਕੋਈ ਦੇਰ ਨਹੀਂ ਲਗਨ ਦਿਤੀ। ਨੇਪਾਲ ਸੀਮਾ ਤੋਂ ਲੈ ਕੇ ਬੀਰ ਗੰਜ ਦੇ ਬਾਜ਼ਾਰ ਅਤੇ ਸੰਮੇਲਨ ਸੱਥਲ ਤਕ ਸਾਰੇ ਰਸਤੇ ਦੁਲਹਨ ਵਾਂਗ ਸਜਾਏ ਹੋਏ ਸਨ। ਅਨਗਿਣਤ ਗੇਟ ਬਣਾਏ ਹੋਏ ਸਨ। ਜਿਨਾਂ ਉਪਰ ਨੇਪਾਲ ਨਰੇਸ਼ ਅਤੇ ਮਹਾਰਾਣੀ ਦੀਆਂ ਤਸਵੀਰਾਂ ਲਾਈਆਂ ਹੋਈਆਂ ਸਨ। ਕਪੜੇ ਦੇ ਵਡੇ ਵਡੇ ਮਾਟੋ ਲਗੇ ਹੋਏ ਸਨ ਜਿਨ੍ਹਾਂ ਉਤੇ



ਅਪਰੈਲ ੧੯੮੧ ਵਿਚ ਬੀਰ ਗੰਜ ਨੇਪਾਲ ਵਿਚ ਹੋਏ ਵਿਸ਼ਵ ਹਿੰਦੂ ਸੰਮੇਲਨ ਵਿਚ ਭਾਗ ਲੈਣ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵਲੋਂ ਭੇਜਿਆ ਗਿਆ ਨਾਮਧਾਰੀ ਪ੍ਰਤੀਨਿਧ ਮੰਡਲ। ਬੈਠੇ ਖਬਿਓਂ ਸਜੇ ਗਿਆਨੀ ਮੋਹਰ ਸਿੰਘ ਕਾਨਪੁਰ, ਪੰਡਤ ਗੋਪਾਲ ਸਿੰਘ ਜੀ, ਜਗਦੀਸ਼ ਸਿੰਘ 'ਵਰਿਆਮ'। (ਖੜੇ) ਸ: ਨਰਿੰਦਰ ਸਿੰਘ ਯੁਗ ਮਰਿਆਦਾ, ਅਤੇ ਸੰਤ ਸਤਿਨਾਮ ਸਿੰਘ ਜੀ ਦਿਲੀ।

ਵੱਡੇ ਵੱਡੇ ਅਖਰਾਂ ਵਿਚ ਦੇਵਨਾਗਰੀ ਲਿਪੀ ਵਿਚ ਲਿਖਿਆ ਹੋਇਆ ਸੀ "ਸ੍ਰੀ ੫ ਮਹਾਰਾਜ ਵੀਰ ਵਿਕ੍ਰਮ ਬੀਰੇਂਦ੍ਰ ਸ਼ਾਹ ਦੇਵ ਕੇ ਜਯ ਜਯ ਜਯ," ਨੇਪਾਲ ਦੀ ਭਾਸ਼ਾ ਨੇਪਾਲੀ ਹੈ ਅਤੇ ਲਿਪੀ ਦੇਵਨਾਗਰੀ ਹੈ। ਸਾਰੇ ਜਲੌ ਨੂੰ ਵੇਖ ਕੇ ਪ੍ਰਤੀਤ ਹੁੰਦਾ ਸੀ ਕਿ ਸਾਰਾ ਪ੍ਰੋਗਰਾਮ ਨੇਪਾਲ ਨਰੇਸ਼ ਦੀ ਜੈ ਜੈਕਾਰ ਕਰਨ ਵਾਸਤੇ ਹੀ ਹੈ। ਧਿਪਰਾ ਮੱਠ ਵਿਚੋ ਸਮੇਲਨ ਅਨੇਕਾਂ ਏਕੜਾਂ ਵਿਚ ਫੈਲਿਆ ਹੋਇਆ ਸੀ। ਬਿਜਲੀ ਦੀਆਂ ਰੋਸ਼ਨੀਆਂ ਨਾਲ ਜੱਗ ਮੱਗ ਕਰ ਰਿਹਾ ਸੀ। ਸੁਆਗਤ ਸੰਮਤੀ ਦੇ ਦਫਤਰ, ਡਾਕਖਾਨਾ, ਬੈਂਕ, ਨੇਪਾਲ ਦੇ ਟੂਰਿਜ਼ਮ ਵਿਭਾਗ, ਸਾਹਿਤ ਸੰਮਤੀਆਂ ਅਤੇ ਅਨੇਕਾਂ ਸੰਸਥਾਵਾਂ ਦੇ



Sri Satguru Jagjit Singh Ji Elibrary NamdhariElibrary@gmail.com

ਦਫਤਰ ਇਕ ਲਾਇਨ ਵਿਚ ਲਗੇ ਹੋਏ ਸਨ।

ਸਾਡਾ ਡੇਰਾ ਹੋਟਲ ਸੂਰਜ ਵਿਚ ਲਗਵਾਇਆ ਗਿਆ।

੧੨ ਅਪਰੈਲ ਰਾਮਨੌਮੀ ਦਾ ਤਿਉਹਾਰ ਸੀ। ਪਰ ਅਜੇ ਤੱਕ ਸਾਨੂੰ ਕੋਈ ਸੰਮੇਲਨ ਦਾ ਉਚ ਅਧਿਕਾਰੀ ਨਹੀਂ ਸੀ ਮਿਲਿਆ। ਅਜ ਨੇਪਾਲ ਨਰੇਸ਼ ਨੇ ਸੰਮੇਲਨ ਦਾ ਉਦਘਾਟਨ ਕਰਨਾ ਸੀ ਇਸ ਵਾਸਤੇ ਸਰਕਾਰੀ ਕਰਮਚਾਰੀ ਹੀ ਸਾਰੇ ਪ੍ਰੋਗਰਾਮ ਤੇ ਛਾਏ ਹੋਏ ਸਨ। ਕੋਈ ਕਿਸੇ ਨੂੰ ਪੁਛ ਨਹੀਂ ਸੀ ਰਿਹਾ। ਅਜ ਸ਼ੋਭਾ ਯਾਤਰਾ—ਜਲੂਸ ਵੀ ਨਿਕਲਿਆ ਸੀ।

ਇਕ ਵਜੇ ਤਕ ਲਖਾਂ ਦੀ ਤਾਦਾਦ ਵਿਚ ਹਜੂਮ ਜਮਾ ਹੋ ਚੁਕਾ ਸੀ। ੧੨ ਫੁਟ ਉਚੇ ਸਟੇਜ ਤੇ ਮਹਾਰਾਜਾ ਨੇ ਆ ਕੇ ਭਾਸ਼ਨ ਦੇਣਾ ਸੀ। ਲੋਕਾਂ ਦੇ ਬੈਠਣ ਵਾਸਤੇ ਥਾਵਾਂ ਸਟੇਜ ਤੋਂ ਬਹੁਤ ਦੂਰ ਸਨ। ਵੀ. ਆਈ. ਪੀ.(ਵਿਸ਼ੇਸ਼ ਪ੍ਰਾਹੁਣੇ) ਵੀ ਦੂਰ ਹੀ ਸ਼ਾਮਿਆਨਿਆਂ ਹੇਠਾ ਕੁਰਸੀਆਂ ਤੇ ਬੈਠੇ ਸਨ। ਫੌਜ ਤੇ ਪੁਲਿਸ ਦੇ ਅਧਿਕਾਰੀ ਸਰਵੇ ਸਰਵਾ ਸਨ। ਨੇਪਾਲੀ ਵੇਸ਼ ਭੂਸ਼ਾ ਵਿਚ ਹਜ਼ਾਰਾਂ ਨੌਜੁਆਨ ਵਾਲੰਟੀਅਰ ਮਹਾਰਾਜੇ ਦੇ ਸੁਆਗਤ ਵਾਸਤੇ ਮਾਰਗ ਦੇ ਦੋਵੇਂ ਪਾਸੇ ਖੜੇ ਸਨ। ਚਿੜੀ ਤੱਕ ਨਹੀਂ ਸੀ ਫੜਕ ਸਕਦੀ। ਪੰਡਤ ਜੀ ਨਰਿੰਦਰ ਸਿੰਘ, ਸਰਿਨਾਮ ਸਿੰਘ ਸ਼ਾਮਿਆਨੇ ਥਲੇ ਸਥੰਭਤ ਹੋ ਗਏ। ਸੰਤ ਮੋਹਰ ਸਿੰਘ ਹੋਰਾਂ ਦੀ ਇਥੇ ਬੈਠਣ ਵਿਚ ਤੱਸਲੀ ਨਹੀਂ ਸੀ। ਅਸੀਂ ਸੁਆਗਤ ਸੰਮਤੀ ਦੇ ਅੰਦਰਲੇ ਦਫਤਰ ਵਿਚ ਇਸ ਸਾਰੇ ਪ੍ਰੋਗਰਾਮ ਦੇ ਮੁਖ ਸੰਯੋਜਕ ਯੋਗੀ ਨਰ ਹਰੀ ਨਾਥ ਜੀ ਮਹਾਰਾਜ ਨੂੰ ਜਾ ਲਭਿਆ। ਯੋਗੀ ਜੀ ਨਾਥ ਸੰਪਰਦਾ ਦੇ ਕਨਪਾਟੇ ਜੋਗੀ ਹਨ। ਰਾਜ ਦਰਬਾਰ ਵਿਚ ਬਹੁਤ ਮਾਨਤਾ ਹੈ। ਗੁਰੂ ਜੀ ਜਾਂ ਯੋਗੀ ਜੀ ਕਰਕੇ ਬੁਲਾਏ ਜਾਂਦੇ ਹਨ। ਬਹੁਤ ਵਿਦਵਾਨ ਵਕਤਾ ਅਤੇ ਲੇਖਕ ਹਨ। ਬਹੁਤ ਸਾਧਾਰਨ ਤਬੀਅਤ ਦੇ ਛੋਟੇ ਕੱਦ ਦੇ ਹਠੀਲੇ ਵਿਅਕਤੀ ਹਨ। ਗੇਰੂਆ ਧੋਤੀ ਤੇ ਬੁਨੈਣ ਪਹਿਰਾਵਾ ਹੈ। ਨੰਗੇ ਪੈਰੀਂ ਦਿਨ ਰਾਤ ਕੰਮ ਕਰਦੇ ਨਹੀਂ ਥਕਦੇ। ਲੋਕ ਉਹਨਾਂ ਨੂੰ ਗਰੀਬਾਂ ਦੇ ਸੰਤ ਵੀ ਕਹਿੰਦੇ ਹਨ।

ਯੋਗੀ ਜੀ ਅਤੇ ਹੋਰ ਸਮਿਤੀ ਦੇ ਮੈਂਬਰਾਂ ਨੇ ਸਾਡਾ ਸੁਆਗਤ ਕੀਤਾ ਪਰ ਸਰਕਾਰੀ ਦਖਲ ਕਰਕੇ ਅੱਜ ਦੇ ਪ੍ਰੋਗਰਾਮ ਵਿਚ ਬਹੁਤੀ ਸਨਮਾਨ ਯੋਗ ਥਾਂ ਨਾ ਦੁਆ ਸਕਣ ਕਰਕੇ ਉਹਨਾਂ ਮਜਬੂਰੀ ਵੀ ਦਸੀ। ਉਹ ਇਸ ਚਿੰਤ ਵਿਚ ਸਨ ਕੇ ਪ੍ਰੋਟੋਕੋਲ ਵਾਲਿਆਂ ਵਲ ਭੇਜ ਹੀ ਰਹੇ ਸਨ ਕਿ ਸਾਨੂੰ ਸਟੇਜ ਉਤੇ ਮਹਾਰਾਜੇ ਨਾਲ ਥਾਂ ਦਿਤੀ ਜਾਵੇ ਕਿ ਉਪਰੋਂ ਹੈਲੀ ਕਾਪਟਰ ਆ ਗਿਆ। ਉਹਨਾਂ ਕਿਹਾ ਰਾਜਾ ਆ ਗਏ ਹੈਂ। ਇਸ ਵਾਸਤੇ ਸੁਆਗਤ ਸੰਮਤੀ ਦੇ ਦਫਤਰ ਦੇ ਬਾਹਰ ਅਸੀਂ ਖੜੇ ਗਏ। ਅਸਲ ਵਿਚ ਇਹ ਮਹਾਰਾਜੇ ਦਾ ਹੈਲੀ ਕਾਪਟਰ ਨਹੀਂ ਸੀ। ਉਹ ਕੁਝ ਚਿਰ ਬਾਅਦ ਵਿਚ ਆਇਆ। ਯੋਗੀ ਜੀ ਦੀ ਚੇਤਨਤਾ ਅਤੇ ਹਿਕਮਤ ਅਮਲੀ ਦੀ ਦਾਦ ਦੇਣੀ ਚਾਹੀਦੀ ਹੈ ਕਿ ਉਹ ਉਸ ਵੇਲੇ ਮਹਾਰਾਜਾ ਨਾਲ ਹੀ ਸਾਨੂੰ ਲੈ ਗਏ। ਵੱਖ ਵੱਖ ਮੰਡਪਾਂ ਚੋਂ ਹੋ ਕੇ ਉਚੇ ਸਟੇਜ ਤੇ ਚੜ੍ਹਣ ਲਗੇ ਤਾਂ ਸਾਨੂੰ ਸਕਿਉਰਟੀ ਵਾਲਿਆਂ ਰੋਕ ਦਿਤਾ। ਅਖੇ ਤੁਹਾਡਾ ਲਿਸਟ ਵਿਚ ਨਾਮ ਨਹੀਂ ਹੈ। ਕਹਿਣ ਲਗੇ ਸ਼ਾਮਿਆਨੇ ਹੇਠ ਜਾ ਕੇ ਬੈਠ ਜਾਵੋ। ਅਸੀਂ ਪ੍ਰੋਟੈਸਟ ਕੀਤਾ ਕਿ ਇਕ ਤਾਂ ਤੁਹਾਡੇ ਲਿਖਤੀ ਸੱਦੇ ਤੇ ਆਏ ਹਾਂ ਦੂਸਰਾ ਤੁਹਾਡਾ ਕੋਈ ਬੈਠਣ ਦਾ ਇੰਤਜ਼ਾਮ ਨਹੀਂ। ਅਸੀਂ ਇਥੇ ਹੀ ਰਹਾਂਗੇ ਕਿਤੇ ਨਹੀ ਜਾਵਾਂ ਗੇ। ਏਨੇ ਚਿਰ ਨੂੰ ਉਪਰੋਂ ਯੋਗੀ ਜੀ ਦੇ ਇਸ਼ਾਰੇ ਤੇ ਕੋਈ ਮੰਤਰੀ ਕਿਸਮ ਦਾ ਵਿਅਕਤੀ ਆਇਆ ਸਾਨੂੰ ਦੋਹਾਂ ਨੂੰ ਉਪਰ ਲੈ ਗਿਆ।

ਵੱਖ ਵੱਖ ਧਰਮਾਂ ਜਿਵੇਂ, ਬੋਧ, ਜੈਨ ਸਿਖ ਹਿੰਦੂਆਂ ਦੇ ਪ੍ਰਤਿਨਿਧਾਂ ਨੇ ਕੁਝ ਸ਼ਬਦ ਕਹੇ ਬਾਅਦ ਵਿਚ ਨੇਪਾਲ ਨਰੇਸ਼ ਦਾ ਉਦਘਾਟਨੀ ਭਾਸ਼ਨ ਹੋਇਆ। ਉਹਨਾਂ ਆਪਣੇ ਭਾਸ਼ਨ ਵਿਚ ਆਏ ਪ੍ਰਤਿਨਿਧਾਂ ਦਾ ਸੁਆਗਤ ਕੀਤਾ ਅਤੇ ਕਿਹਾ ਕਿ ਨੇਪਾਲ ਇਕੋ ਇਕ ਹਿੰਦੂ ਰਾਸ਼ਟਰ ਹੈ। ਇਥੇ ਧਰਮ ਵਾਸਤੇ ਸਤਿਕਾਰ ਹੈ। ਸੰਮੇਲਨ ਦੀ ਸਫਲਤਾ ਵਾਸਤੇ ਉਹਨਾਂ ਕਾਮਨਾ ਕੀਤੀ।

੧੩ ਤਾਰੀਖ : ਅਜ ਵਿਸਾਖੀ ਦਾ ਦਿਨ ਸੀ। ਸਾਨੂੰ ਅੰਮ੍ਰਿਤਸਰ ਯਾਦ ਆ ਰਿਹਾ ਸੀ। ਪੰਡਤ ਗੋਪਾਲ ਸਿੰਘ ਜੀ ਦਸਿਆ ਕਿ ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਵਸਾਖੀ ਵਾਲੇ ਮੇਲੇ ਤੇ ਹਾਜ਼ਰ ਨਹੀਂ।

ਅੱਜ ਕਲ ਵਾਲੀਆਂ ਰੌਣਕਾਂ ਤੇ ਭੀੜਾਂ ਨਹੀਂ ਸਨ ਸਭਾ ਮੰਡਪ ਵਿਚ ਵਿਦਵਾਨਾਂ ਦੇ ਵੀਚਾਰ ਹੋਣੇ ਸਨ। ਅੱਜ ਪਹਿਲੇ ਅਧਿਵੇਸ਼ਨ ਦੀ ਪ੍ਰਧਾਨਗੀ ਨਾਮਧਾਰੀ ਡੇਲੀਗੇਸ਼ਨ ਵਿਚੋਂ ਕਿਸੇ ਨੂੰ ਦੇਣੀ ਸੀ। ਅਸੀਂ ਸੰਤ ਮੋਹਰ ਸਿੰਘ ਨੂੰ ਸਦਾਰਤ ਲਈ ਪੇਸ਼ ਕੀਤਾ। ਜਿਨ੍ਹਾਂ ਆਪਣੇ ਭਾਸ਼ਨ ਵਿਚ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਨੇਪਾਲ ਨਾਲ ਸਥਾਪਤ ਕੀਤੇ ਸਬੰਧਾਂ ਦਾ ਜ਼ਿਕਰ ਕੀਤਾ ਅਤੇ ਨਾਮਧਾਰੀਆਂ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਇਸੇ ਅਧਿਵੇਸ਼ਨ ਵਿਚ ਯੋਗੀ ਨਰ ਹਰੀ ਜੀ ਵਲੋਂ ਇਕ ਵਿਸ਼ਵ ਹਿੰਦੂ ਆਚਾਰ ਸਹਿੰਤਾ ਦਾ ਪ੍ਰਸਤਾਵ ਪੇਸ਼ ਕੀਤਾ ਗਿਆ। ਇਹ ਆਚਾਰ ਸਹਿੰਤਾ ਪਹਿਲੋਂ ਨਿਯੁਕਤ ਇਕ ਕਮੇਟੀ ਵਲੋਂ ਤਿਆਰ ਕੀਤਾ ਗਿਆ ਸੀ। ਇਹ ਪੰਚ ਸੂਤਰੀ ਆਚਾਰ ਸਹਿੰਤਾ ਇਸ ਪ੍ਰਕਾਰ ਸੀ।

੧. ਓਮ ਪ੍ਰਤੀ ਆਸਥਾ ੨. ਗਊ ਪ੍ਰਤੀ ਮਤ੍ਰੀਭਾਵ ੩. ਪੁਨਰ ਜਨਮ ਵਿਚ ਵਿਸ਼ਵਾਸ ੪. ਅਹਿੰਸਾ, ਸਤਯ, ਬ੍ਰਹਮਚਰਜ ਅਤੇ ਧਾਰਮਕ ਤਥਾ ਅਧਿਆਤਮਕ ਸਦਾਚਾਰ ਪ੍ਰਤੀ ਆਸਥਾ ੫. ਵਿਸ਼ਵ ਦੇ ਸਾਰੇ ਆਗੀਯਾਂ ਨੂੰ ਆਪਣੇ ਪਰਿਵਾਰ ਦਾ ਮੈਂਬਰ ਮੰਨਦੇ ਹੋਏ ਉਨ੍ਹਾਂ ਪ੍ਰਤੀ ਸੁਹਿਰਦਤਾ ਅਤੇ ਆਤਮੀਅਤਾ ਰਖਣਾ।

ਇਸ ਪ੍ਰਸਤਾਵ ਦੇ ਸਮਰਥਨ ਵਿਚ ਨਾਮਧਾਰੀਆਂ ਵਲੋਂ ਮੈਨੂੰ ਬੋਲਣ ਲਈ ਕਿਹਾ ਗਿਆ। ਮੈਂ ਆਪਣੇ ਡੈਲੀਗੇਸ਼ਨ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਕਿਸੇ ਕਾਰਨ ਆਪ ਪਧਾਰ ਨਹੀਂ ਸਕੇ। ਉਹਨਾਂ ਨੇ ਪੰਜ ਮੈਂਬਰੀ ਡੈਲੀਗੇਸ਼ਨ ਭੇਜਿਆ ਹੈ ਜਿਸ ਵਿਚ ਪੰਥ ਦੇ ਪ੍ਰਮੁਖ ਵਿਦਵਾਨ ਤੇ ਪ੍ਰਚਾਰਕ ਪੰਡਤ ਗੋਪਾਲ ਸਿੰਘ ਜੀ ਵੀ ਹਨ ਜਿਨ੍ਹਾਂ ਨੂੰ ਅੱਜ) ਵਿਸਾਖੀ ਵਾਲੇ ਇਤਿਹਾਸਕ ਦਿਨ ਤੇ ਜਦੋਂ ਕਿ ਅੰਮ੍ਰਿਤਸਰ ਵਿਚ ਮਹਾਨ ਨਾਮਧਾਰੀ ਇਹ ਸਮਾਗਮ ਹੋਂਦਾ ਹੈ, ਰੁਝੇਵਿਆਂ ਤੋਂ ਮੁਕਤ ਕਰਕੇ ਨੇਪਾਲ ਭੇਜਿਆ ਗਿਆ ਹੈ। ਬਾਕੀ ਦੇ ਸਾਥੀਆਂ ਦੀ ਜਾਣਕਾਰੀ ਵੀ ਦਿਤੀ ਅਤੇ ਵਸਾਖੀ ਦੇ ਦਿਨ ਹੀ ਮਹਾਨਤਾ ਦਰਸਾਉਂਦਿਆਂ ਪ੍ਰਸਤਾਵ ਦਾ ਅਨੁਮੋਦਨ ਕੀਤਾ।

ਵਿਸ਼ਵ ਸ਼ਾਂਤੀ ਦੇ ਸਮਾਗਮ ਵਿਚ ਨਰਿੰਦਰ ਸਿੰਘ ਯੁਗ ਮਾਰਗਦਾਦਾ ਨੇ ਬਹੁਤ ਅੱਛੀ ਤਕਰੀਰ ਕੀਤੀ ਜਿਸ ਨੂੰ ਭਰਪੂਰ ਸਲਾਹਿਆ ਗਿਆ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਏ ਸ਼ਾਂਤੀ ਮਿਸ਼ਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਸ ਮੰਤਵ ਲਈ ਸਰਗਰਮੀਆਂ ਦਾ ਭਾਵ ਪੂਰਨ ਜ਼ਿਕਰ ਕੀਤਾ।

**ਅਰਦਾਸ**

ਉਥੇ ਇਹ ਰਿਵਾਜ ਵੀ ਸੀ ਕਿ ਵੱਖ ਵੱਖ ਸੰਪਰਦਾਵਾਂ ਵੱਖ ਵੱਖ ਸਮਾਗਮਾਂ ਦੇ ਸ਼ੁਰੂ ਵਿਚ ਪ੍ਰਾਰਥਨਾ ਕਰਦੀਆਂ ਸਨ। ਇਕ ਸ਼ਾਮ ਸਮਾਗਮ ਦੇ ਸ਼ੁਰੂ ਵਿਚ ਨਾਮਧਾਰੀ ਡੈਲੀਗੇਸ਼ਨ ਨੂੰ ਪ੍ਰਾਰਥਨਾ ਕਰਨ ਲਈ ਕਿਹਾ ਗਿਆ।

ਬਾਕੀ ਡੈਲੀਗੇਸ਼ਨਾਂ ਵਾਲੇ ਸ਼ਬਦ ਜਾਂ ਕਵਿਤਾ ਪੜ੍ਹ ਕੇ ਗਾ ਕੇ ਪ੍ਰਾਰਥਨਾ ਕਰਦੇ ਸਨ। ਜਦੋਂ ਸਾਨੂੰ ਕਿਹਾ ਗਿਆ ਤਾਂ ਪੰਡਤ ਗੋਪਾਲ ਸਿੰਘ ਜੀ ਕਹਿਣ ਲਗੇ ਕਿ ਸਾਡੀ ਪ੍ਰਾਰਥਨਾ ਤਾਂ ਅਰਦਾਸ ਹੈ। ਇਸ ਤੇ ਚੇਅਰਮੈਨ ਯੋਗੀ ਨਰ ਹਰੀ ਜੀ ਨੇ ਸ੍ਰੋਤਿਆਂ ਨੂੰ ਆਦੇਸ਼ ਦਿਤਾ ਕਿ ਚੇਅਰਮੈਨ ਖੜੇ ਹੋ ਜਾਓ। ਜੁੱਤੇ ਅਲੱਗ ਕਰ ਦਿਓ ਅਤੇ ਹੱਥ ਜੋੜ ਲਵੋ। ਪੰਡਤ ਜੀ ਨੇ ਗਲ ਵਿਚ ਪੱਲਾ ਪਾ ਕੇ ਪ੍ਰਿਥਮ ਭਗਉਤੀ ਸਿਮਰ ਕੈ ਤੋਂ ਲੈ ਕੇ ਤੇਰੇ ਭਾਣੇ ਸਰਬਤ ਦਾ ਭਲਾ ਤੱਕ ਅਰਦਾਸ ਕਰਕੇ ਜ਼ੋਰ ਦਾ ਜੈਕਾਰਾ ਛਡਿਆ ਜਿਸ ਦਾ ਭਰਵਾਂ ਉਤਰ ਸਾਡੇ ਡੈਲੀਗੇਸ਼ਨ ਅਤੇ ਪੰਜਾਬੀ ਹਿੰਦੂਆਂ ਤੇ ਹੋਰ ਜਾਣਕਾਰਾਂ ਨੇ ਦਿਤਾ।

**ਗਊ ਸੰਮੇਲਨ**

ਗਊ ਸੰਮੇਲਨ ਵਿਚ ਵੱਖ ਮਠਾਧੀਸ਼ਾਂ ਸੰਤਾਂ ਮਹੰਤਾਂ ਵਿਦਵਾਨਾਂ ਤੇ ਮਹਾਪੁਰਸ਼ਾਂ ਨੇ ਭਾਸ਼ਨ ਦਿਤੇ। ਇਸ ਸਮਾਗਮ ਵਿਚ ਪੰਡਤ ਗੋਪਾਲ ਸਿੰਘ ਜੀ ਦਾ ਭਾਸ਼ਨ ਸਾਰੇ ਸੰਮੇਲਨ ਦੇ ਭਾਸ਼ਨਾਂ ਚੋਂ ਸਰਵ ਸ੍ਰੇਸ਼ਟ ਰਿਹਾ। ਆਪ ਜੀ ਨੇ ਗੁਰਬਾਣੀ ਸਿਖ ਇਤਿਹਾਸ, ਪੌਰਾਣਿਕ ਸਾਹਿਤ ਸੰਸਕ੍ਰਿਤ ਦੇ ਗਰੰਥਾਂ ਅਤੇ ਹੋਰ ਹਵਾਲਿਆਂ ਨਾਲ ਗਊ ਦੀ ਵਿਸ਼ੇਸ਼ਤਾ ਦਸੀ। ਗਊ ਦੇ ਗੁਣ, ਗਊ ਦੁਧ, ਗਊ ਮੂਤਰ ਤੋਂ ਬਣਨ ਵਾਲੀਆਂ ਦਵਾਈਆਂ। ਤੱਪੇ ਦੇ ਖੇਰ ਦੀਨ ਦੀ ਸਾਖੀ ਸਾਰੇ ਮੁਗਧ ਹੋਏ ਬੈਠੇ ਸਨ। ਤਕਰੀਰ ਕਰਦਿਆਂ ਨੂੰ ਸਕੱਤਰ ਨੇ ਸਮਾਪਤੀ ਕਰਨ ਦਾ ਇਸ਼ਾਰਾ ਕੀਤਾ। ਪੰਡਤ ਜੀ ਉਸੇ ਵੇਲੇ ਬੈਠ ਗਏ। ਲੋਕਾਂ ਨੇ ਰੌਲਾ ਪਾ ਦਿਤਾ ਕਿ ਪੰਡਤ ਜੀ ਦਾ ਭਾਸ਼ਨ ਜਾਰੀ ਰਹੇ ਇਸ ਤੇ ਦੁਬਾਰਾ ਪੰਡਤ ਜੀ ਬੋਲਨ ਲਗੇ ਅਤੇ ਅਪਣੀ ਮੌਜ ਨਾਲ ਸਮਾਪਤੀ ਕੀਤੀ। ਪੰਡਤ ਜੀ ਨੇ ਹਿੰਦੂ ਜਾਤੀ ਨੂੰ ਵੰਗਾਰਿਆ ਕਿ ਤੁਹਾਨੂੰ ਅਮਲ ਵਿਚ ਵੀ ਕੁਝ ਕਰਨਾ ਚਾਹੀਦਾ ਹੈ ਅਤੇ ਆਪ ਵੀ ਗਊਆਂ ਪਾਲਣੀਆਂ ਚਾਹੀਦੀਆਂ ਹਨ ਕੇਵਲ ਤਕਰੀਰਾਂ ਨਾਲ ਇਹ ਮਸਲਾ ਹੱਲ ਨਹੀਂ ਹੋਣਾ। ਸਮਾਗਮ ਦੇ ਅੰਤ ਤੇ ਸਾਰੇ ਸੰਮੇਲਨ ਵਿਚ ਪੰਡਤ ਜੀ ਦੀ ਚਰਚਾ ਸੀ ਅਤੇ ਲੋਕ ਕਈ ਗਲਾਂ ਪੁਛ ਰਹੇ ਸਨ।

ਇਹਨਾਂ ਸਮਾਗਮਾਂ ਵਿਚ ਬਰਮਾ ਥਾਈਲੈਂਡ ਨੇਪਾਲ ਭਾਰਤ ਆਦਿਕ ਦੇਸ਼ਾਂ ਵਿਚੋਂ ਪ੍ਰਤੀਨਿਧੀ ਆਏ ਸਨ ਪਰ ਸ਼ੰਕਰਾਚਾਰਯਾਂ ਵਿਚੋਂ ਕੋਈ ਵੀ ਨਹੀਂ ਸੀ ਆ ਸਕੇ। ਸੁਆਮੀ ਕ੍ਰਿਪਾਤਰੀ ਜੀ ਬੀਮਾਰ ਸਨ।

ਆਏ ਡੈਲੀਗੇਟਾਂ ਵਿਚੋਂ ਪ੍ਰਤਿਨਿਧ ਲੈ ਕੇ ਮੀਟਿੰਗਾਂ ਹੁੰਦੀਆਂ ਰਹੀਆਂ। ਸਾਡੇ ਡੈਲੀਗੇਸ਼ਨ ਵਲੋਂ ਇਹਨਾਂ ਮੀਟਿੰਗਾਂ ਵਿਚ ਮੈਨੂੰ ਭੇਜਿਆ ਗਿਆ। ਇਸ ਵਿਚ ਅਗੋਂ ਤੋਂ ਵਡੀ ਪਧਰ ਤੇ ਕੰਮ ਚਲਾਉਣ ਲਈ ਇਕ ਵੱਡੀ ਸੰਸਥਾ ਵਿਸ਼ਵ ਹਿੰਦੂ ਬੋਧ ਮਹਾਂ ਸੰਘ ਦੀ ਸਥਾਪਨਾ ਕੀਤੀ ਗਈ ਜਿਦੋਂ ਅੰਤ੍ਰਾਸ਼ਟਰ ਪ੍ਰਧਾਨ ਸੰਮੇਲਨ ਦੇ ਹੀ ਪ੍ਰਧਾਨ ਭੂਤ ਪੂਰਵ ਪ੍ਰਧਾਨ ਮੰਤਰੀ ਨੇਪਾਲ ਸ੍ਰੀ ਨਰੇਂਦਰ ਪ੍ਰਸਾਦਿ ਰਿਜਾਲ ਨਿਯੁਕਤ ਕੀਤੇ ਗਏ ਅਤੇ ਮਹਾਂ ਮੰਤਰੀ ਸ੍ਰੀ ਕਾਸ਼ੀ ਨਾਥ ਉਪਾਧਿਆ ਨਿਯੁਕਤ ਕੀਤੇ ਗਏ ਮਸਕਤਰਾਂ ਵਿਚੋਂ ਇਕ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਪ੍ਰਤੀਨਿਧ ਹੋਵੇਗਾ।

ਅਸੀਂ ੧੬ ਅਪਰੈਲ ਸਵੇਰੇ ਬੀਰ ਗੰਜ ਤੋਂ ਚਲ ਕੇ ਬੱਸ, ਸਟੀਮਰ ਅਤੇ ਰੇਲ ਦਾ ਸਫਰ ਕਰਕੇ ਅਗਲੇ ਦਿਨ ਵਾਪਸ ਦਿਲੀ ਪੁਜ ਗਏ।



Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT



High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED



DEPARTMENT OF AGRICULTURE QUALITY MARK PUNJAB GOVT.

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ ।

TRADE **JASPAL** MARK

Grams : HABI INDUSTRIES Phone : 2737

# *HABI INDUSTRIES (Regd.)*

10, Industrial Area,
PHAGWARA—144401.



Sri Satguru Jagjit Singh Ji Elibrary NamdhariElibrary@gmail com

ਪੁਸਤਕ ਚਰਚਾ

# ਜ਼ਰਦ ਪੱਤੇ

ਰਿਵੀਊਕਾਰ : ਡਾ: ਜੀਤ ਸਿੰਘ ਸੀਤਲ

ਲੇਖਕ : ਮਹਿੰਦਰ ਭੱਟੀ

ਪ੍ਰਕਾਸ਼ਕ : ਦੀਪਕ ਪਬਲੀਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ

ਕਵੀ ਅਚੇਤ ਹੀ ਆਪਣੇ ਮਨ ਅੰਦਰ ਦੀ ਪੀੜਾ ਨੂੰ ਸਾਕਾਰ ਕਰਦਾ ਹੈ ਜਾਂ 'ਦਿਲ ਦਰਿਆ ਸਮੁੰਦਰੋਂ ਡੂੰਘੇ' ਦੀਆਂ ਲਹਿਰਾਂ ਨੂੰ ਸਮੇਟ ਕੇ ਉਹਨਾਂ ਨੂੰ ਸ਼ਬਦ-ਵਹਿਣਾਂ ਵਿਚ ਵਹਾ ਦੇਂਦਾ ਹੈ। ਕਈ ਇਕ ਆਪਣੇ ਨਿੱਜੀ ਰੋਣੇ ਵੀ ਰੋਂਦੇ ਹਨ ਅਤੇ ਕਈ ਪਰਾਈ ਪੀੜਾ ਨੂੰ ਅਨੁਭਵ ਕਰਕੇ, ਆਪਣੀ ਬਣਾਕੇ ਪ੍ਰਸਤੁੱਤ ਕਰ ਵਿਖਾਉਂਦੇ ਹਨ। ਪਰ ਸੱਚਾ ਕਵੀ ਤਾਂ ਕਿਸੇ ਇਲਾਹੀ ਵੇਗ ਵਿਚ ਰੁੜ੍ਹਦਾ ਬਸ ਉਸੇ ਸਿਰਜਣਹਾਰ ਦੀ ਰੂਪ ਰੇਖਾ ਸਿਰਜਦਾ ਹੈ ਅਤੇ ਉਸੇ ਦੀ ਨੁਹਾਰ ਦੇ ਗੀਤ ਗਾਉਂਦਾ ਹੈ। ਅਜਿਹਾ ਕੋਈ ਵਿਰਲਾ ਕਵੀ ਹੀ ਹੁੰਦਾ ਹੈ। ਗੁਰਬਾਣੀ ਅਨੁਸਾਰ ਸਾਰੀ ਕਾਇਨਾਤ ਆਪਣੇ ਕਰਤਾ ਦੇ ਗੁਣ ਗਾਇਨ ਕਰ ਰਹੀ ਹੈ।

ਗਾਵਨਿ ਤੁਧਨੋ ਪਵਣ-ਪਾਣੀ ਬੈਸੰਤਰ
ਗਾਵੈ ਰਾਜਾ ਧਰਮ ਦੁਆਰੇ

(ਸੋਦਰ)

ਬਸ ਉਸੇ ਦੇ ਗੁਣ ਗਾਈ ਜਾਣਾ ਤੇ ਗੀਤਾਂ ਵਿਚ ਉਸੇ ਨੂੰ ਸਿਰਜੀ ਜਾਣਾ ਹੀ ਸੱਚਾ-ਸੁੱਚਾ ਵਿਵਹਾਰ ਹੈ। ਇਹ ਕਵੀ ਦੀ ਅਸਲ ਕ੍ਰਿਤ ਹੈ :

ਹਉ ਮੂਰਖ ਕਾਰੈ ਲਾਈਆ
ਨਾਨਕ ਹਰਿ ਕਮੇ

(ਛੰਤ : ਮ-੪)

ਇਹ ਕੋਈ ਸਾਧਾਰਨ ਜਾਂ ਸੌਖਾ ਕਾਰਜ ਨਹੀਂ। ਇਸ ਲਈ ਉੱਚ ਅਵਸਥਾ ਦਰਕਾਰ ਹੈ ਤੇ ਇਸ ਲਈ ਅਭਿਆਸ ਤੇ ਰਿਆਜ਼ਤ ਦੀ ਲੋੜ ਹੁੰਦੀ ਹੈ। ਇਕ ਨੇਕ ਸੁਹਿਰਦ ਕਵੀ ਆਪਾ ਉਸੇ ਨੂੰ ਸਮਰਪਣ ਕਰਦਾ ਹੈ ਅਤੇ ਉਸੇ ਲਈ ਲਿਖਦਾ ਹੈ।

"ਮਹਿੰਦਰ ਭੱਟੀ" ਦੇ ਕਾਵਿ ਸੰਗ੍ਰਹਿ "ਜ਼ਰਦ ਪੱਤੇ" ਦੀ ਮੁਖ ਸਵੇਰ ਵੀ ਅਜਿਹੇ ਗੀਤ ਗਾਉਂਦੀ ਤੇ ਅਜਿਹੇ ਬੋਲ ਬੋਲਦੀ ਸੁਣੀਂਦੀ ਹੈ। "ਤੇਰੇ ਦਰ ਤੇ" ਕਵਿਤਾ "ਸੋਦਰ" ਦੇ ਭਾਵਾਂ ਨੂੰ ਰੂਪਮਾਨ ਕਰਦੀ ਹੈ ਤੇ ਕਵੀ ਦੀ ਉੱਚ ਮਾਨਸਿਕ ਅਵੱਸਥਾ ਦੀ ਸਾਖੀ ਭਰਦੀ ਹੈ :

ਚਰਨੀਂ ਫੁੱਲ ਚੜ੍ਹਾਵਣ ਖਾਤਿਰ
ਤੇਰੇ ਦਰ ਤੇ ਕੀਕਣ ਆਵਾਂ ?

ਉਹ ਆਪਣੇ ਗੀਤਾਂ ਵਿਚ ਕਿਸੇ ਦੈਵੀ ਮੂਰਤੀ ਨੂੰ ਸਿਰਜਦਾ ਹੈ, ਕਿਸੇ ਦੇ ਮਿੱਠੇ ਬੋਲਾਂ ਨੂੰ ਸ਼ਬਦਾਂ ਦੇ ਭੇਂਟਣ ਪਹਿਨਾਉਣਾ ਲੋਚਦਾ ਹੈ :

ਮੈਂ ਗੀਤਾਂ ਵਿਚ ਤੈਨੂੰ ਸਿਰਜਾਂ।
ਮੈਂ ਗੀਤਾਂ ਵਿਚ ਤੈਨੂੰ ਗਾਵਾਂ।

ਪਰੰਤੂ ਗਾਉਣ ਵਾਲੇ ਨੂੰ ਆਪਣੇ ਅੰਦਰ ਵਸ ਰਹੇ ਮਹਿਬੂਬ ਦਾ ਪਤਾ ਨਹੀਂ ਹੁੰਦਾ। ਉਸ ਪਾਸੋਂ ਉਸ ਅੰਦਰ ਬੈਠੇ ਮਹਿਬੂਬ ਦਾ ਪਿਆਰ ਆਪ ਹੀ ਸੱਭ ਕੁਝ ਲਿਖਵਾਉਂਦਾ ਤੇ ਬੁਲਵਾਉਂਦਾ ਹੈ। ਏਹੀ ਆਵੇਸ਼ ਹੈ ਤੇ ਆਵੇਸ਼ ਹੀ ਕਵਿਤਾ ਹੈ। "ਮਹਿੰਦਰ ਭੱਟੀ" ਇਸ ਤੱਥ ਨੂੰ ਜਾਣਦਾ ਹੈ, ਉਹ ਆਪਣੇ ਪਿਆਰੇ ਨੂੰ ਸਿੰਞਾਣਦਾ ਜ਼ਰੂਰ ਹੈ, ਉਸਦੀ ਆਵਾਜ਼ ਵੀ ਸੁਣਦਾ ਹੈ, ਪਰ ਦਸ ਨਹੀਂ ਸਕਦਾ—ਗੂੰਗਾ ਮਠਿਆਈ ਦਾ ਸੁਆਦ ਕਿਵੇਂ ਦੱਸੇ ?

ਬਸ ਮੈਂ ਏਨਾ ਹੀ ਆਖਾਂ
"ਮੈਂ ਨਹੀਂ ਗਾਇਆ,
ਕਿਸੇ ਦੈਵੀ ਸ਼ਕਤੀ ਨੇ
ਗਾ ਹੈ ਦਿੱਤਾ।"

ਇਸੇ ਲਈ ਉਸਦੀ ਕਵਿਤਾ ਵਿਚ "ਉਸ ਕਿਸੇ" ਦਾ ਝਲਕਾਰਾ ਮਿਲਦਾ ਹੈ।

ਦਿਵਸ-ਰੈਣ, ਸ਼ਾਦੀ-ਓ-ਗ਼ਮ, ਵਿਛੋੜਾ-ਵਸਲ, ਜੀਵਨ ਦੇ ਅਮਰ ਸੰਗੀ ਸਾਥੀ ਹਨ। ਇਕ ਦਾ ਸੁਆਦ ਦੂਜੇ ਬਿਨ ਨਹੀਂ ਆਉਂਦਾ। ਕਵੀ ਨੇ "ਸ਼ਾਦੀ-ਓ-ਗ਼ਮ" ਵਿਚ ਇਸ ਭਾਵ ਨੂੰ ਬੜੀਆਂ ਸੂਖਮ ਛੁਹਾਂ ਦੇ ਕੇ ਉਘਾੜਿਆ ਹੈ। ਸੱਜਣ ਜੀ ਦੇ ਮਿਲਣ ਪੁਰ "ਦਿਨ ਵੀ ਛੋਟੇ-ਛੋਟੇ ਹੋ ਗਏ, ਰੈਣ ਵੀ ਛੋਟੀ-ਛੋਟੀ ਹੋ ਗਈ" ਤੇ ਉਹੀ ਦਿਨ-ਰਾਤਾਂ ਸੱਜਣ ਜੀ ਦੇ ਜਾਣ ਪੁਰ ਛਿਣ-ਪਲਦਾ ਜੇਡੀਆਂ ਲੰਮੀਆਂ ਹੋ ਜਾਂਦੀਆਂ ਹਨ। "ਵੱਸਲ ਕਿੱਡਾ ਹੈ ਛੋਟਾ, ਬਿਰਹਾ ਕਿੱਡਾ ਹੈ ਵੱਡਾ"

ਵੱਸਲ ਹੈ ਕਿੱਡਾ ਛੋਟਾ-ਛੋਟਾ
ਬਿਰਹਾ ਕਿੱਡਾ ਵੱਡਾ-ਵੱਡਾ।



Sri Satguru Jagjit Singh Ji Elibrary NamdhariElibrary@gmail.com

ਇਸੇ ਲਈ ਕਵੀ "ਕਿਸੇ ਦੇ ਆਉਣ ਨੂੰ ਤਾਂ ਜੀ ਆਇਆਂ" ਕਹਿੰਦਾ ਹੈ, ਪਰ ਇਸ ਤਰ੍ਹਾਂ ਆਕੇ ਝਟਪਟ ਬਹਿ ਕੇ ਹੀ ਦੂਰ ਜਾਣ ਪੁਰ ਦੁਖੀ ਹੁੰਦਾ ਹੈ :

ਆਣ ਵਾਲੇ ਲੱਖ ਵਾਰੀ ਆ,
ਜਾਣ ਵਾਲੇ ਇੰਝ ਨਾ ਜਾ।

ਦੁਖ-ਸੁੱਖ ਦੋ ਪਾਸੀਂ ਚੰਗਾ ਤੇ ਹਕੀਕੀ ਹੁੰਦਾ ਹੈ; ਵਰਨਾ ਉਹ ਓਪਰਾ ਤੇ ਟੁੱਟਵਾਂ ਰਹਿ ਜਾਵੇਗਾ। ਇਸ ਅਛੂਤੇ ਖਿਆਲ ਨੂੰ ਕਵੀ ਨੇ ਇਸੇ ਕਵਿਤਾ ਵਿਚ ਵਾਹਵਾ ਨਿਭਾਇਆ ਏ :

ਉਸ ਨੇ ਛੋਹ ਹੈ ਦਿੱਤੀ ਮੈਨੂੰ
ਮੈਂ ਵੀ ਛੋਹ ਹੈ ਦਿੱਤੀ ਉਸਨੂੰ।
ਉਸਨੇ ਦੁੱਖ ਸੰਗ ਦੁੱਖ ਵੰਡਾਇਆ।
ਮੈਂ ਵੀ ਦੁੱਖ ਸੰਗ ਦੁੱਖ ਵੰਡਾਇਆ।

ਕਵੀ ਨੇ ਕਈ ਥਾਂ "ਪ੍ਰੋ: ਪੂਰਨ ਸਿੰਘ" ਦੇ ਭਾਵਾਂ ਨੂੰ ਨਵੀਂ ਭਾਸ਼ਾ ਤੇ ਆਭਾ ਦਿੱਤੀ ਹੈ। ਸੱਚ ਕਦੀ ਪੁਰਾਣਾ ਨਹੀਂ ਹੁੰਦਾ, ਨਾ ਭਾਸ਼ਾ ਕਦੀ ਅਸਮਰਥ ਹੋਈ ਹੈ। ਕਲਾਕਾਰ ਦੋਹਾਂ ਦਾ ਪ੍ਰਸਤਾਰ ਹੁੰਦਾ ਹੈ ਤੇ ਦੋਹਾਂ ਦਾ ਸੁਯੋਗ-ਪ੍ਰਯੋਗ ਕਰਦਾ ਹੈ। "ਰੱਬ ਕਿੱਥੇ ?" ਤੇ "ਮਹਾਂ-ਨਗਰ" ਵਿਚ ਅਜਿਹੇ ਖਿਆਲ ਵੇਖੇ ਜਾ ਸਕਦੇ ਹਨ :

ਰੱਬ ਵਸਦਾ ਏ
ਕੁੱਲੀਆਂ, ਛੰਨਾਂ ਤੇ ਕੱਚੇ ਮਕਾਨਾਂ ਵਿਚ
ਰੱਬ
ਖੇਤਾਂ, ਰੋਹੀਆਂ—ਰੱਕੜਾਂ
ਤੇ ਵਸਦਾ ਏ।
ਹਾਂ ਓਥੇ ਹੀ ਵਸਦਾ ਏ।

"ਪ੍ਰੋ: ਪੂਰਨ ਸਿੰਘ" ਵੀ ਸ਼ਹਿਰਾਂ ਦੀ ਘੁੱਟੀ ਘੁੱਟੀ ਫ਼ਿਜ਼ਾ ਵਿਚ ਔਖ ਮਹਿਸੂਸ ਕਰਦਾ ਸੀ, ਉਹ ਜੰਗਲਾਂ-ਬੂਟਾਂ ਤੇ ਖੇਤਾਂ-ਪੈਲੀਆਂ ਵੱਲ ਨੱਠਣਾ ਲੋਚਦਾ ਸੀ। "ਮਹਿੰਦਰ ਭੱਟੀ" ਵੀ ਉਸਦੇ ਮਗਰ ਢੋਲੇ ਮਾਹੀਏ ਗਾਉਂਦਾ ਜਾਂਦਾ ਦਿਸਦਾ ਹੈ :

ਦੋਸਤ ! ਸੱਚ ਮੰਨੀ
ਮੈਂ ਤਾਂ ਹੁਣ ਵੀ
ਮਿੱਟੀ ਵਿਚ ਗੁਥਮ-ਗੁਥਾ ਹੋਣਾ ਚਾਹੁੰਦਾ
ਤੇ ਚਾਹੁੰਦਾ ਹਾਂ
ਖੁੱਲ੍ਹੀ-ਫ਼ਿਜ਼ਾ ਵਿਚ ਢੋਲੇ-ਮਾਹੀਏ ਗਾਉਣਾ
ਕਿਉਂਕਿ ਅਜ ਕੱਲ ਪੱਥਰਾਂ ਦੇ ਸ਼ਹਿਰ-ਵਿਚ
ਮੇਰਾ ਮਨ ਬਹੁਤ ਉਦਾਸ ਰਹਿੰਦਾ ਹੈ।

ਕਵੀ ਦੌੜ ਰਹੇ ਸਮੇਂ ਪਾਸੋਂ ਇਕ ਅੱਧ ਘੜੀ 'ਕਣੀ' ਜੇਹੀ ਮੰਗਦਾ ਹੈ, ਹੋਰ ਮਨੁੱਖ ਨੂੰ ਇਸ ਤੋਂ ਵੱਧ ਮਿਲ ਵੀ ਕਿੱਥੇ ਸਕਦੀ ਹੈ ? ਇਹ ਦੋ ਘੜੀਆਂ ਦਾ ਜੀਣਾ ਹੀ ਨਿਆਮਤ ਹੈ। ਇਸ ਤੱਥ ਨੂੰ ਕਵੀ ਨੇ "ਰੁੱਕ ਜਾ ਯਾਰ !" (ਸਮੇਂ ਨੂੰ) ਵਿਚ ਸਾਕਾਰ ਕੀਤਾ ਹੈ :

ਭਲਾ ਇਕ ਕਣੀ ਨਾਲ
ਕੀ ਹੁੰਦਾ ਹੈ ?
ਚੱਲ ਇਹ ਤਾਂ ਪੀ ਲੈਣ ਦੇ,
ਦੋ ਘੜੀਆਂ ਜੀ ਲੈਣ ਦੇ।

"ਇਕ ਪਰੀ" ਪ੍ਰਕਿਰਤੀ-ਚਿਤਰਣ ਦਾ ਇਕ ਸੁੰਦਰ ਉਦਾਹਰਣ ਹੈ। ਇਹ ਕਵੀ ਦੀ ਬੰਦਗੀ-ਜ਼ਿੰਦਗੀ ਹੈ। "ਸਾਵਣ" ਨੂੰ "ਝੁੱਗੀਆਂ-ਛੰਨਾਂ" ਵਾਸੀਆਂ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਹੈ।

ਬਸ "ਭੱਟੀ" ਆਪਣੇ ਇਸ ਹਿਰਦੇ ਰੂਪੀ "ਤਾਜ-ਮਹਿਲ" ਵਿਚ "ਉਸ" ਸੰਗ ਵਸਦਾ ਹੈ। ਉਸਨੇ ਮਾਨੋਂ ਜ਼ਿੰਦਗੀ ਦਾ ਰਾਜ਼ ਪਾ ਲਿਆ ਹੈ। "ਜ਼ਰਦ ਪੱਤੇ" ਉਸ ਅੰਦਰ ਦਰਦ ਜਗਾਂਦੇ ਹਨ ਤੇ ਇਹ ਦਰਦ ਮੁੜ ਸ਼ਿਅਰ ਬਣ ਕਾਵਿ-ਰੂਪ ਧਾਰ ਲੈਂਦੇ ਹਨ।

ਪੱਤੇ ਵੀ ਅਜ ਕਿਨੇ ਖੜ ਖੜ ਕਰਦੇ ਨੇ।
ਦਿਲ ਮੇਰੇ ਦਾ ਸੁੱਤਾ ਦਰਦ ਜਗਾਇਆ ਹੈ।
"ਮੈਂ" ਤੇ "ਉਹ" ਹੁਣ ਦੋਨੋਂ ਇਸ ਵਿਚ ਰਹਿੰਦੇ ਹਾਂ,
ਯਾਦਾਂ ਦਾ ਜੋ ਤਾਜ-ਮਹਿਲ ਬਣਾਇਆ ਹੈ।

ਨਾਕਾਮੀ ਵਿਚ ਹੀ ਮੁਹੱਬਤ ਦੀ ਸਫ਼ਲਤਾ ਹੁੰਦੀ ਹੈ। ਉਹ ਰਾਹਾਂ ਵਿਚ ਹੀ ਮੰਜ਼ਿਲ ਪਾ ਲੈਂਦੀ ਹੈ :

ਮੁਹੱਬਤ ਨੇ ਤਾਂ ਪਾਈ ਹੈ ਸਦਾ ਮੰਜ਼ਿਲ ਹੀ ਰਾਹਾਂ ਵਿਚ,
ਮੁਹੱਬਤ ਸਫ਼ਲ ਉਹ ਹੁੰਦੀ ਹੈ, ਜੋ ਨਾਕਾਮ ਹੋ ਜਾਵੇ।

ਇਸ ਸੰਗ੍ਰਹਿ ਦੀਆਂ ਅੰਤਲੀਆਂ ਕੁਝ ਇਕ ਗ਼ਜ਼ਲਾਂ ਬਹੁਤ ਸੁੰਦਰ ਹਨ, ਉਹਨਾਂ ਵਿਚਲੇ ਭਾਵ ਬਹੁਤ ਡੂੰਘੇ ਹਨ।

ਅੰਤ ਉੱਤੇ ਮੈਂ ਆਪਣੇ ਵਲੋਂ ਕੀ ਕਹਿ ਜਾਂ ਦੇ ਸਕਦਾ ਹਾਂ, ਸਿਵਾ "ਭੱਟੀ" ਦੇ ਆਪਣੇ ਸ਼ਬਦਾਂ ਵਿਚ ਹੀ :

ਪਿਆਰ ਦੇਵਣ ਵਾਲਿਓ ! ਜੀਂਦੇ ਰਹੋ,
ਬਿਨ ਦੁਆਵਾਂ ਕੀ ਮੇਰੇ ਕੋਲ ਹੋਰ ਹੈ ?

"ਭੱਟੀ ਪਿਆਰੇ !" ਸ਼ਾਲਾ ਤੂੰ ਜੀਂਦਾ ਰਹੁ। ਸ਼ਿਅਰ ਕਹਿੰਦਾ ਰਹੁ। ਲਿਖਦਾ ਰਹੁ। ਮਾਤ-ਪੰਜਾਬੀ ਦੀ ਝੋਲੀ ਹੀਰੇ-ਮੋਤੀਆਂ ਨਾਲ ਭਰਦਾ ਰਹੁ। ਜਵਾਨੀਆਂ ਮਾਣਦਾ ਰਹੁ। ਸਾਡੇ ਵਰਗੇ ਮਲੰਗਾਂ ਪਾਸ ਹੋਰ ਹੈ ਕੀ ਦੇਣ ਨੂੰ ? ਤੇ ਇਹ ਦੁਆਵਾਂ ਅਸੀਂ ਰੱਜ ਰੱਜ ਦਿੰਦੇ ਹਾਂ। ●

(ਡਾ) ਜੀਤ ਸਿੰਘ ਸੀਤਲ
ਸੁਖ ਸਹਿਜ ਨਿਵਾਸ
ਅਜੀਤ ਨਗਰ, ਪਟਿਆਲਾ।



Sri Satguru Jagjit Singh Ji Elibrary NamdhariElibrary@gmail.com

ਲੜੀ ਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਜੂਨ ੧੯੮੧ ਅੰਕ ਵੇਖੋ)

### ੧੩ ਨਵੰਬਰ ੧੯੭੭
### ਐਤਵਾਰ ਨਵੀਂ ਦਿੱਲੀ, ਬੱਚਿਆਂ ਤੋਂ ਆਸਾ ਦੀ ਵਾਰ

ਸਾਡੇ ਨਾਲ ਤੁਰੇ ਦੂਜੀ ਗਡੀ ਵਾਲੇ ਅੱਧਾ ਘੰਟਾ ਲੇਟ ਪੁਜੇ। ਇਹ ਸਨ: ਉਸਤਾਦ ਹਰਭਜਨ ਸਿੰਘ ਸੁਖਦੇਵ ਸਿੰਘ, ਬਲਜੀਤ ਸਿੰਘ (ਹਾਰਮੋਨੀਅਮ) ਸੁਖਵਿੰਦਰ ਸਿੰਘ (ਤਬਲਾ) ਮੋਹਣ ਸਿੰਘ, ਸੁਰਿੰਦਰ ਸਿੰਘ (ਅਸਲੋਂ ਛੋਟਾ) ਸ੍ਰੀ ਪ੍ਰੇਮ ਸਿੰਘ ਰਾਜੋਰੀ, ਸੰਤ ਗੁਰਦੀਪ ਸਿੰਘ ਰਮੇਸ਼ ਨਗਰ।

**ਸੰਗੀਤ ਸਭਾ**

ਇਹਨ ੬ ਚੋਂ ਪਹਿਲਾ ਛਡਕੇ ਬਾਕੀ ਪੰਜਾਂ ਨੇ ਸ੍ਰੀ ਸਤਿਗੁਰੂ ਜੀ ਤੇ ਖਾਂ ਸਾਹਿਬ ਦੀ ਸੇਵਾ ਵਿਚ ਰਾਗ ਯਮਨ ਤਾਲ ਪੌਣੇ ਪੰਦਰਾਂ ਮਾਤਰਾਂ ਵਿਚ ਨਿਬੱਧ ਸ੍ਰੀ ਦਸਮੇਸ਼ ਜੀ ਦਾ ਇਕ ਕਬਿਤ 'ਕਰੁਣਾ ਨਿਧਾਨ' ਸੁਣਾਇਆ। ਕਬਿੱਤ ਇਸ ਪਰਕਾਰ ਹੈ:

ਕਰੁਣਾ ਨਿਧਾਨ ਬੇਦ ਕਹਤ ਬਖਾਨ ਜਾਂਕੀ
ਬੀਚ ਤੀਨ ਲੋਕ ਫੈਲ ਰਹੀ ਹੈ ਸੁ ਬਾਸੁ[1] ਰੀ।
ਦੇਵਨ ਕੀ ਕੰਨਿਆ ਤਾਕੀ ਧੁਨਿ ਸੁਨ ਸ੍ਰੋਨਨ[2] ਮੇ
ਧਾਈ ਧਾਈ ਆਵੈਂ ਤਜ ਕੇ ਸੁਰਗ ਬਾਸੁ[3] ਰੀ।
ਹ੍ਵੈ ਕੇ ਪ੍ਰਸੰਨ ਰੂਪ ਰਾਗ ਕੋ ਨਿਹਾਰ ਕਹਿਓ
ਰਚਿਓ ਹੈ ਬਿਧਾਤਾ ਇਹ ਰਾਗਨ ਕੋ ਬਾਸੁ[4] ਰੀ।
ਰੀਝੇ ਸਭ ਗਨ, ਉਡਗਨ[5] ਭੇ ਮਗਨ
ਜਬ ਬਨ ਉਪਬਨ ਮੇ ਬਜਾਈ ਕਾਨ੍ਹ ਬਾਂਸੁ[6] ਰੀ।

ਸਰੋਦ ਸਮਰਾਟ ਉਸਤਾਦ ਅਮਜਦ ਇਹ ਬੰਦਸ਼ ਤੇ ਮਾਤਰਾ ਵਿਚ ਪੌਣ ਦੀ ਇਹ ਸਥਿਤੀ ਵੇਖ ਬੜੇ ਪ੍ਰਸੰਨ ਹੋਏ। ਸਤਿਗੁਰਾਂ ਨੇ ਇਸ ਦੀਆਂ ਤਿਹਾਈਆਂ ਏਨੀਆਂ ਯੁਕਤੀ-ਬੱਧ ਕੀਤੀਆਂ ਹੋਈਆਂ ਹਨ ਕਿ ਸਮਝਦਾਰ ਸਰੋਤੇ ਮੁਗਧ ਹੋ ਉਠਦੇ ਹਨ।

ਫਿਰ ਬੱਚਿਆਂ ਵਲੋਂ ਨਾਇਕੀ ਕਾਨੜੇ ਵਿਚ ਇਕ ਸ਼ਬਦ ਸੁਣਾਇਆ ਗਿਆ, ਹਰਿ ਹਰਿ ਨਾਮ ਨਿਧਾਨ ਹੈ।

ਪੂਰਾ ਸ਼ਬਦ:

ਹਰਿ ਹਰਿ ਨਾਮੁ ਨਿਧਾਨੁ[7] ਹੈ ਗੁਰਮੁਖਿ ਪਾਇਆ ਜਾਇ।
ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ।
ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ।
ਨਾਨਕ ਹਰਿ ਹਰਿ ਚਉਦਿਆ[8] ਸਭੁ ਦਾਲਦੁ ਦੁਖੁ ਲਹਿ ਜਾਇ।

[ਕਾਨੜੇ ਕੀ ਵਾਰ, ਮਹਲਾ ੪

ਬਲਜੀਤ ਤੇ ਸੁਖਦੇਵ ਦੀਆਂ ਸੁਰਾਂ ਅਤੇ ਸੁਖਵਿੰਦਰ ਪਿੰਕੀ ਦਾ ਪਖਾਵਜ ਮਨ ਮੋਹ ਲੈਣ ਵਾਲਾ ਸੀ। ਖਾਂ ਸਾਹਿਬ ਨੇ ਸੁਰਿੰਦਰ ਬਾਰੇ ਪੁਛਿਆ। ਸਤਿਗੁਰੂ ਜੀ ਨੇ ਦਸਿਆ: ਇਹ ੭ ਸਾਲ ਦਾ ਲੜਕਾ ਸੁਖਦੇਵ-ਸੁਖਵਿੰਦਰ ਦਾ ਤੀਜਾ ਭਾਈ ਹੈ। ਖਾਂ ਸਾਹਿਬ ਮੁਸਕਰਾ ਪਏ: ਫਿਰ ਤਾਂ ਇਹ 'ਤਿਹਾਈ'[9] ਲਗ ਗਈ।

ਹਾਸਾ ਮਚ ਗਿਆ।

ਅਜ ਵਿਸ਼ੇਸ਼ ਆਕਰਸ਼ਕ ਲਗਦੇ ਖਾਂ ਸਾਹਿਬ ਨੇ ਇਹਨਾਂ ਬੰਦਸ਼ਾਂ ਦੀ ਖੂਬ ਪ੍ਰਸੰਸਾ ਕੀਤੀ। ਗੁਰਦੇਵ ਸਿੰਘ ਦੇ ਕਹਿਣ ਤੇ ਅਮਜਦ ਅਲੀ ਜੀ ਨੇ ਕਿਹਾ: ਇਹਨਾਂ ਦਾ ਪ੍ਰੋਗਰਾਮ ਟੀ. ਵੀ. ਤੇ ਕਰਵਾਵਾਂਗੇ।

**ਬੰਗਲੌਰ ਤੋਂ ਫੋਨ**

੧੦.੩੫ ਦਿਨ ਦੇ ਹੋ ਗਏ। ਮਹਾਰਾਜ ਬੀਰ ਸਿੰਘ ਜੀ ਦਾ ਬੰਗਲੌਰ ਫਾਰਮ ਤੋਂ, ਏਥੇ ਬੈਠਿਆਂ ਹੀ, ਫੋਨ ਆ

---

1. ਸੁਗੰਧੀ, ਖੁਸ਼ਬੂ। 2. ਕੰਨਾਂ ਵਿਚ: 3. ਬਸੇਰਾ, ਨਿਵਾਸ। 4. ਸਮੂਹ, ਜੋੜ। 5. ਤਾਰੇ। 6. ਬੰਸਰੀ, ਮੁਰਲੀ।

7. ਨਿਧੀ, ਭੰਡਾਰ, ਖਜ਼ਾਨਾ। 8. ਕਹਿੰਦਿਆਂ, ਆਖਦਿਆਂ, 9. ਸੰਗੀਤ ਵਿਚ ਦੋ ਤਿੰਨ ਸ਼ਬਦਾਂ ਨੂੰ ਲੈਅ ਬੱਧ ਗਾ ਕੇ ਸਮ ਉਤੇ ਆ ਡਿੱਗਣ ਨੂੰ 'ਤਿਹਾਈ ਲਗਾਣਾ' ਕਹਿੰਦੇ ਹਨ।



Sri Satguru Jagjit Singh Ji Elibrary NamdhariElibrary@gmail com



ਭਾਈ ਨਿਹਾਲ ਸਿੰਘ

ਗਿਆ। ਕਾਫ਼ੀ ਉੱਚੀ ਉੱਚੀ ਗੱਲਬਾਤ ਹੋ ਰਹੀ ਸੀ : ਕਾਰ ਖਰਾਬ ਹੋ ਗਈ ਹੈ।...ਗੈਸ ਪਲਾਂਟ ਸੜ ਗਿਆ ਹੈ।...ਬਾਰਸ਼ ਹੋ ਗਈ ਹੈ।...ਛੋਟਾ ਤਾਲਾਬ ਭਰ ਗਿਆ ਹੈ।...੧੭ ਨੂੰ ਰਾਤੀਂ ਹੈਦਰਾਬਾਦ ਠਹਿਰਾਂਗਾ। ੧੮ ਨੂੰ ਸਵੇਰੇ ੯ ਵਜੇ ਦਿੱਲੀ ਪਹੁੰਚ ਜਾਵਾਂਗਾ।

ਸਤਿਗੁਰੂ ਜੀ ਨੇ ਆਪਣਾ ਪ੍ਰੋਗਰਾਮ ਦਸਿਆ : ਡਾਲਟਨ ਗੰਜ ਵਾਲੇ ਮਹਿੰਦਰ ਸਿੰਘ ਦਾ ਸਾਲਾ ਚੜਾਈ ਕਰ ਗਿਆ ਹੈ ਸੁ ੧੪ ਨੂੰ ਡਾਲਟਨ ਗੰਜ ਜਾਵਾਂਗਾ।...੧੬ ਤਕ ਵਾਪਸ ਡੈਣੀ ਸਾਹਿਬ...੧੯ ਨੂੰ ਫਿਰ ਦਿੱਲੀ ਪਹੁੰਚਾਂਗਾ ੭੬... ਦਾ ਪਾਸਪੋਰਟ ਕਿਥੇ ਹੈ ?

ਜਵਾਬ ਮਿਲਿਆ : ਸ੍ਰੀ ਜੀਵਨ ਨਗਰ ਹੈ।

ਸਤਿਗੁਰੂ ਜੀ ਨੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਆਖ ਚੋਂਗਾ ਰਖ ਦਿਤਾ।

## ਹਾਰਦਿਕ ਨੇੜਤਾ

ਸੱਚੇ ਪਾਤਸ਼ਾਹ ਜੀ ਨੇ ਆਪਣੀ ਰੀਝ ਮੈਨੂੰ ਦੱਸੀ : ਜੀ ਕਰਦਾ ਹੈ ਖਾਂ ਸਾਹਿਬ ਦਾ ਇਸ ਮਤਲਬ ਲਈ ਕਮਰਾ ਇਸ ਤੋਂ ੩-੪ ਗੁਣਾ ਵਡਾ ਹੋਣਾ ਚਾਹੀਦਾ ਹੈ ਤੇ ਮਕਾਨ ਵੀ ਉਨ੍ਹਾਂ ਦਾ ਆਪਣਾ ਹੋਵੇ। ਮੈਂ ਕਿਹਾ : ਜਿਵੇਂ ਚਾਹੋਗੇ, ਹੋ ਜਾਵੇਗਾ।

ਮੈਂ ਖਾਂ ਸਾਹਿਬ ਨੂੰ ਉਹਨਾਂ ਦੇ ਲੜਕੇ ਦਾ ਨਾਮ ਪੁਛਿਆ ਉਹਨਾਂ ਦਸਿਆ : ਅਮਾਨ। ਮਤਲਬ ਅਮਨ ਅਮਾਨ। ਇਸ ਲੜਕੇ ਦੇ ਹੋਣ ਸਮੇਂ ਸਤਿਗੁਰੂ ਜੀ ਦੀ ਖਾਂ ਸਾਹਿਬ ਘਰ ਲੜਕਾ ਹੋਣ ਦੀ ਤੀਬਰ ਇਛਾ ਸੀ। ਏਸੇ ਲਈ ਮੈਂ ਕਿਹਾ ਸੀ : ਜਿਵੇਂ ਚਾਹੋਗੇ ਤਿਵੇਂ ਹੋ ਜਾਵੇਗਾ।

ਭਾਈ ਨਿਹਾਲ ਸਿੰਘ ਪਖਾਵਜੀ ਜੋ ਇਸ ਸਮੇਂ ਨਾਲ ਸੀ, ਆਪਣੇ ਸ਼ਾਗਿਰਦ ਪਿੰਕੀ ਦਾ ਕੰਮ ਤੇ ਵੇਖ ਕੇ ਹੋਰ ਵੀ ਨਿਹਾਲ ਹੋ ਉਠਦਾ ਹੈ। ਨਿਹਾਲ ਸਿੰ ਵੀ ਤਬਲੇ ਦੇ ਕੁਝ ਬੋਲ ਸੁਣਾਏ। ਸੁਖਵਿੰਦਰ ਨੇ ਜ਼ਬਾਨੀ ਸੁਣਾਏ।

ਖਾਂ ਸਾਹਿਬ ਨੇ ਬੇਨਤੀ ਕੀਤੀ ਕਿ ਕਲਕਤੇ ੨੫ ਤੋਂ ੩੧ ਦਸੰਬਰ ੧੯੭੭ ਨੂੰ ਉਸਤਾਦ ਹਾਫ਼ਿਜ਼ ਅ ਖਾਂ ਮਿਊਜ਼ਿਕ ਫੈਸਟੀਵਲ ਵਿਚ ਕਿਸੇ ਸੁਵਿਧਾ ਵਾਲੇ ਸ੍ਰੀ ਸਤਿਗੁਰੂ ਜੀ ਜ਼ਰੂਰ ਦਰਸ਼ਨ ਦੇਣ। ਸਤਿਗੁਰੂ ਜ ਖੁਸ਼ੀ ਦਾ ਅਜ਼ਹਾਰ ਕਰਦਿਆਂ ਗਦ ਗਦ ਕੰਠ ਫਰਮਾਇਆ ਮੇਰਾ ਜੀ ਕਰਦਾ ਹੈ, ਮੈਂ ਸਾਰੇ ਦਿਨ ਓਥੇ ਰਹਾਂ ਖੂਬ ਸੁਣਾਂ।

## ਰਜ਼ਾ ਵਿਚ ਸੁਖ

ਗੱਲਬਾਤ ਦੌਰਾਨ ਸਤਿਗੁਰੂ ਜੀ ਨੇ ਖਾਂ ਸਾਹਿਬ ਦੱਸਿਆ : ਬੈਂਗਲੌਰ ਫਾਰਮ ਦੀ ਖ਼ਰੀਦ ਸਮੇਂ, ਬਿਅ ਦਿਤੇ ਹੋਣ ਬਾਅਦ ੧੩ ਮਹੀਨੇ ਤਕ ਰਜਿਸਟਰੀ ਨਹੀ ਸਕੀ। ਤਦ ਤਕ ਜ਼ਮੀਨ ਮਾਲਕਾਂ ਨੇ ਸਾਨੂੰ ਤਾਂ ਫ਼ਾਰਮ ਵਿ ਦਾਖਲ ਨਾ ਹੋਣ ਦਿਤਾ ਪਰ ਆਪ ਸਾਡੇ ਨਾਲ ਕੀਹਿਤ ਸੌਦੇ ਵਿਚੋਂ ਕਿੰਨਾ ਸਾਰਾ ਸਮਾਨ ਉਡਾ ਲਿਆ। ਰਜਿਸਟ ਹੋ ਜਾਣ ਪਿਛੋਂ ਸਾਡੇ ਬੰਦੇ ਸ਼ਕਾਇਤ ਲਿਆਏ ਕਿ ਅ ਵੀ ਨਹੀਂ ਰਿਹਾ, ਅਹੁ ਵੀ ਲੈ ਗਏ। ਮੇਰਾ ਇ ਉਤਰ ਸੀ : ਜੇ ਸਤਿਗੁਰੂ ਦੀ ਰਜ਼ਾ ਹੈ ਓਸੇ ਵਿਚ ਸੁਖ ਹੈ ਉਹ ਚੀਜ਼ਾਂ ਉਹਨਾਂ ਦੀਆਂ ਹੀ ਹੋਣਗੀਆਂ ਤਾਂ ਹੀ ਲੈ ਸਕੇ ਨੇ, ਨਹੀਂ ਤਾਂ ਬੇਮਤਲਬੇ ਰਜਿਸਟਰੀ ਲਟਕਾਅ ਕਾਰਨ ਹੀ ਨਾ ਬਣਦਾ।

੧੦ ੫੦ ਵਜੇ ਵਾਪਸੀ ਲਈ ਸਤਿਗੁਰੂ ਜੀ ਚ ਤਾਂ ਅਮਜਦ ਅਲੀ ਜੀ ਨੇ ਡਰਾਇੰਗ ਰੂਮ ਵਿਚ ਬੈਠਣ ਅਰਜ਼ ਕੀਤੀ। ਸੋਫ਼ੇ ਉਤੇ ਬੈਠਣ ਤੇ ਖਾਂ ਸਾਹਿਬ ਸੁਪਤਨੀ, ਸਾਲੇ ਦੀ ਪਤਨੀ ਅਤੇ ਸੱਸ ਸਤਿਗੁਰਾਂ ਦੇ ਦਰਸ਼ ਲਈ ਆਈਆਂ। ਖਾਂ ਸਾਹਿਬ ਨੇ ਸਭਨਾਂ ਬਾਰੇ ਜਾਣਕਾ ਦਿਤੀ। ਖਾਂ ਸਾਹਿਬ ਦੀ ਪਤਨੀ ਤਾਂ ਸਤਿਗੁਰੂ ਜੀ ਪਹਿਲ ਹੀ ਜਾਣਦੇ ਸਨ। ਖਾਂ ਸਾਹਿਬ ਨੇ ਦਸਿਆ ਕਿ ਉਹਨਾਂ ਦ ਸੱਸ ਨੂੰ ਹਾਰਟ ਟ੍ਰਬਲ (ਦਿਲ ਦਾ ਰੋਗ) ਹੈ ਤੇ ਇਹ ੮ ਦਿਨਾਂ ਦੇ ਏਥੇ ਆਏ ਹੋਏ ਹਨ।

੧੧ ਵਜੇ ਵਾਪਸੀ ਲਈ ਚਲੇ ਤਾਂ ਖਾਂ ਸਾਹਿਬ ਕੋਠ ਦੇ ਗੇਟ ਤਕ ਵਿਦਾ ਕਰਨ ਆਏ। ਆਉਂਦੀ ਵੇਰ ਸਤਿਗੁਰ



Sri Satguru Jagjit Singh Ji Elibrary NamdhariElibrary@gmail.com

ਹਰਭਜਨ ਸਿੰਘ (ਉਸਤਾਦ) ਨੂੰ ਵੀ ਆਪਣੇ ਵਾਲੀ ਗੱਡੀ ਵਿਚ ਬੈਠਾ ਲਿਆ। ਨਿਕੇ ਨਿਕੇ ਬਚਨ ਕਰਦਿਆਂ ੧੧/੧੦ ਪੂਸਾ ਰੋਡ ਆ ਗਏ।

### ੧੧/੧੦ ਪੂਸਾ ਰੋਡ

ਕੋਠੀ ਪੂਸਾ ਰੋਡ ਵਿਚ ਕਾਫ਼ੀ ਸੰਗਤ ਉਡੀਕ ਕਰ ਰਹੀ ਸੀ। ਹਰੇਕ ਵਿਤ ਤੇ ਸ਼ਰਧਾ ਮੁਜਬ ਰਕਮਾਂ ਰਖ ਰਖ ਮੱਥਾ ਟੇਕ ਲਾਹਮੇ ਹੋ ਬੈਠੀ ਜਾਂਦਾ ਸੀ। ਦਰਸ਼ਨ ਭੇਟ ਉਪਰੰਤ 'ਅਰਜ਼ਾਂ' ਕਰਨ ਵਾਲਿਆਂ ਦੀ ਵਾਰੀ ਆਈ। ਉਂ ਸਤਿਗੁਰੂ ਜੀ ੧੧ ਵਜੇ ਤਕ ਪ੍ਰਸ਼ਾਦਾ ਛਕ ਲੈਂਦੇ ਹਨ ਅਤੇ ਥੋੜਾ ਚਿਰ ਆਰਾਮ ਕਰਨ ਲਈ ਇਕਾਂਤ ਚਲੇ ਜਾਂਦੇ ਹਨ ਪਰ ਅਜ ਕੁਝ ਬੇਨਤੀਕਾਰਾਂ ਲਈ ਸਮਾਂ ਦੇਣਾ ਜਿਵੇਂ ਹਜ਼ੂਰ ਨੇ ਪਰਵਾਨ ਕਰ ਲਿਆ।

### ਅਰਜੋਈਆਂ

ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਸਭ ਤੋਂ ਪਹਿਲਾਂ ਸੰਤ ਮੰਗਲ ਸਿੰਘ ਚੰਡੀਗੜ੍ਹ ਦੇ ਭਤੀਜੇ ਨੇ ਬੇਨਤੀ ਕੀਤੀ ਕਿ ਉਸਦੀ ਭੈਣ ਦੀ ਸ਼ਾਦੀ...ਪਰਵਾਰ ਵਲ ਕਰਨੀ ਹੈ, ਆਗਿਆ ਦਿਤੀ ਜਾਇ। ਸਤਿਗੁਰੂ ਜੀ ਨੇ ਫ਼ਰਮਾਇਆ: ਹਰਵਿੰਦਰ ਸਿੰਘ (ਹੰਸਪਾਲ) ਨੂੰ ਦੋਹਾਂ ਪਾਸਿਆਂ ਤੋਂ ਤਸੱਲੀ ਕਰਵਾ ਦਿਓ ਤੇ ਭੈਣੀ ਸਾਹਿਬ ਵਿਆਹ ਕਰੋ। ਦਿੱਲੀ ਵਿਚ, ਗਲਤ ਢੰਗ ਪਰਚਲਤ ਹੋ ਜਾਣ ਕਾਰਨ, ਵਿਆਹ ਕਰਨੇ ਬੰਦ ਕੀਤੇ ਹੋਏ ਹਨ।

ਇਕ ਹੋਰ ਸੱਜਣ ਥਾਈਲੈਂਡ ਤੋਂ ਬੇਨਤੀ ਕਰਨ ਆਇਆ ਸਤਿਗੁਰਾਂ ਮੈਨੂੰ ਦੱਸਿਆ: ਇਹ ਇਕ ਸਾਹਿਤ ਰਸੀਏ ਨਾਮਧਾਰੀ ਦਾ ਲੜਕਾ ਹੈ। ਇਹਨੂੰ ਸ਼ਰਾਬ ਪੀਣ ਦੀ ਲਤ ਸੀ। ਸ਼ਰਾਬ ਇਹਦੀ ਜ਼ਿੰਦਗੀ ਤੋਂ ਉਤਦੀ ਹੋ ਵਗੀ ਸੀ। ਇਹਨੂੰ ਬਚਾਣ ਵਾਸਤੇ ਮੈਂ ਉਦਾਰਤਾ ਵਰਤੀ। ਇਹ ਰੋਜ਼ ਆਪਣੀ ਡੋਜ਼ ਘਟਾਂਦਾ ਜਾਇ। ਮੇਰੀ ਕੋਸ਼ਿਸ਼ ਇਸ ਨੂੰ ਆਪਣੇ ਪਾਸੇ ਲਿਆਉਣ ਦੀ ਸੀ। ਹੁਣ ਇਹ ਦੂਜੀ ਗ਼ਲਤੀ ਕਰ ਆਇਆ ਹੈ।

ਅਤੇ ਉਸ ਸਿੰਘ ਨਾਲ ਸਭ ਪਰਕਾਰ ਦੀ ਗੱਲਬਾਤ ਕਰਕੇ, ਕੁਝ ਗੱਲਾਂ ਵੱਲੋਂ ਉਹਨੂੰ ਤਾੜਨਾ ਕਰਕੇ ਉਸਦੀ ਸਹਾਇਤਾ ਲਈ ਦੂਜੀ ਧਿਰ ਨੂੰ ਬੁਲਾਕੇ ਪੱਕੀ ਕੀਤੀ। ਮੈਨੂੰ ਸੱਚੇ ਪਾਤਸ਼ਾਹ ਜੀ ਨੇ ਦੱਸਿਆ: ਅੱਜ ਇਸ ਦੇ ਮਾਫ਼ੀ ਮੰਗਣ ਦਾ ਅਸਲ ਕਾਰਨ ਇਹ ਗ਼ਰਜ਼ ਸੀ।

### ਸੱਚੀ ਸੰਤਾਈ

ਭਾਵੇਂ ੧੨ ਵਜ ਚੁਕੇ ਸਨ ਤੇ ਲਾਂਗਰੀ ਅਤੇ ਇਸ਼ਨਾਨ ਕਰਵਾਣ ਵਾਲੇ ਸੇਵਕ ਬੜੀ ਬੇਸਬਰੀ ਨਾਲ ਆ-ਆ ਝਾਤੀਆਂ ਮਾਰ ਰਹੇ ਸਨ ਪਰ ਸਤਿਗੁਰੂ ਜੀ ਨੇ ਇਕ 'ਵਿਸ਼ੇਸ਼ ਸੰਤ' ਬਣ ਰਹੇ ਨੌਜਵਾਨ, ਉਹਦੇ ਹਿਤ ਚਿੰਤਕਾਂ ਦੇ ਕੋਲ ਬੈਠਿਆਂ ਨਾਲ ਕਾਫ਼ੀ ਸਮਾ ਖਰਚ ਕੀਤਾ। ਉਹਨੂੰ ਦੱਸਿਆ ਕਿ ਗੁਰਮਤ ਵਿਚ ਆਡੰਬਰ ਤੇ ਪਾਖੰਡ ਹੀਨ ਭਜਨ ਕਰਨ ਵਾਲੇ ਨੂੰ ਸੰਤ ਮੰਨਿਆ ਗਿਆ ਹੈ। ਵਖਾਵੇ ਦੇ ਜਤਨ ਛਡਕੇ ਕੇਂਦਰ ਨੂੰ ਪਰਵਾਨ ਕਰਕੇ ਚਲਣਾ ਹੀ ਸਾਡੇ ਵਿਚ ਸੰਤਾਈ ਹੈ। ਪੌਣੇ ਘੰਟੇ ਦੇ ਜਤਨ ਉਸਨੂੰ ਸੂਤ ਕਰਨ ਵਿਚ ਕਾਮਯਾਬ ਹੋ ਗਏ।

### ਨਵ ਜੀਵ ਦਇਆ ਮੰਡਲ

ਜਦੋਂ ਮੈਨੂੰ ਹਰਵਿੰਦਰ ਸਿੰਘ ਹੰਸਪਾਲ ਹੁਰਾਂ ਇਹ ਕਹਿਕੇ ਯਾਦ ਕੀਤਾ ਕਿ "ਏਥੇ ਤਾਂ ਕਵੀ ਹੁਰੀਂ ਚਾਹੀਦੇ ਸਨ" ਮੈਂ ਜਾ ਵੱਜਾ। ਪ੍ਰਸ਼ਾਦ ਛਕ ਕੇ, ਦੂਜੇ ਕਮਰੇ ਵਿਚ ਸ੍ਰੀ ਸਤਿਗੁਰੂ ਜੀ ਪਲੰਘ ਤੇ ਪਾਸੇ ਪਰਨੇ ਪਏ ਸਨ। ਆਪ ਜੀ ਨੇ ਹੰਸਪਾਲ ਦੇ ਕਹਿਣ ਤੇ 'ਨਵ ਜੀਵ ਦਇਆ ਮੰਡਲ' ਦੀ ਪੁਸਤਕਾ ਵਾਸਤੇ ਗਰੰਥ ਸਾਹਿਬ ਜੀ ਵਿਚੋਂ ਮਾਸ-ਸ਼ਰਾਬ ਦੇ ਵਿਰੋਧ ਵਿਚ ਮੈਨੂੰ ਇਕ ਇਕ ਤੁਕ ਕਈ ਸ਼ਬਦਾਂ ਦੀ ਲਿਖਾਈ ਤਾਕਿ ਉਸ ਦਾ ਅਸਲੋਂ ਸ਼ੁਧ ਪਾਠ ਲਿਖਦਿਆਂ ਗਰੰਥ ਸਾਹਿਬ ਜੀ ਵਿਚੋਂ ਪਤਾ ਕਰਕੇ।

ਇਸ ਸਮੇਂ ਸਤਿਗੁਰੂ ਜੀ ਪਾਸ ਹੇਠ ਲਿਖੇ ਸਰੀਰ ਬੈਠੇ ਹੋਏ ਸਨ: ਸਾਬਕਾ ਸਕੱਤਰ ਗੁਰਭਜਨ ਸਿੰਘ, ਸ. ਸੁਰਿੰਦਰ ਸਿੰਘ ਮਨਚੰਦਾ; ਸੰਤ ਬਲਕਾਰ ਸਿੰਘ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਹਜ਼ੂਰੀ ਸੇਵਕ, ਸੰਤ ਗੁਰਮੁਖ ਸਿੰਘ ਹਜ਼ੂਰੀ ਕਾਰ ਚਾਲਕ। ਗੱਲਾਂਬਾਤਾਂ ਦੌਰਾਨ ਅਸ਼ੋਕਾ ਬਿਸਕੁਟ ਫ਼ੈਕਟਰੀ ਦੇ ਮਾਲਿਕ ਸ੍ਰ. ਕਰਤਾਰ ਸਿੰਘ ਵੀ ਆ ਪਹੁੰਚੇ। ਸਤਿਗੁਰੂ ਜੀ ਨੂੰ ਨਮਸਕਾਰ ਕੀਤੀ।

### ਟੋਹ ਦਾ ਮੁੱਲ

ਵਿਨੋਦ ਨਾਲ ਸਤਿਗੁਰੂ ਜੀ ਨੇ ਸ੍ਰ. ਕਰਤਾਰ ਸਿੰਘ ਦੇ ਕੁਰਤੇ ਦੀਆਂ ਦੁਹਾਂ ਜੇਬਾਂ ਨੂੰ ਟੋਹਿਆ। ਯਾਦ ਕਰਵਾਇਆ ਇਕ ਦਿਨ ਇਹਨਾਂ ਦੇ ਪਿਤਾ ਦੀ ਜੇਬ ਨੂੰ ਮੈਂ ਚੱਲਦੀ ਗੱਲੇ ਟੋਹ ਬੈਠਾ ਤਾਂ ਇਕ ਹਜ਼ਾਰ ਰੁਪੈਆ ਜੁ ਉਸ ਵਕਤ ਉਸਦੀ ਜੇਬ ਵਿਚ ਸੀ, ਕਢਕੇ ਮੇਰੇ ਅੱਗੇ ਰਖ ਦਿੱਤਾ। ਮੈਂ ਬਥੇਰਾ ਵਰਜਿਆ ਕਿ ਇਸ ਟੋਹਾ ਟੁਹਾਈ ਦਾ ਮਤਲਬ ਤੁਹਾਡੇ ਨਾਲ ਵਿਨੋਦ ਤੋਂ ਬਿਨਾਂ ਕੁਝ ਨਹੀਂ। ਪਰ ਉਹ ਕਹਿਣ ਲਗਾ—ਇਹ ਹੈਨ ਹੀ ਤੁਹਾਡੇ। ਤੁਹਾਡੇ ਲਈ ਹੀ ਲੈਕੇ ਤੁਰਿਆ ਹਾਂ।



Sri Satguru Jagjit Singh Ji Elibrary NamdhariElibrary@gmail.com



ਸਰਦਾਰ ਕਰਤਾਰ ਸਿੰਘ

ਕਰਤਾਰ ਸਿੰਘ ਜੀ ਨਾਲ ਹੋਰ ਇਕਰਾਰ ਵੀ ਲਏ-ਦਿਤੇ, ਉਹਨਾਂ ਆਪਣੀ ਲੜਕੀ ਦੀ ਸ਼ਾਦੀ ਬਾਰੇ ਵੀ ਆਗਿਆ ਮੰਗੀ। ਦੂਜੇ ਘਰ ਬਾਰੇ ਜਾਣਕੇ ਆਗਿਆ ਦਿਤੀ। ਆਨੰਦ ਕਾਰਜ ਭੈਣੀ ਸਾਹਿਬ ਜਾਕੇ ਕਰਨ ਲਈ ਕਿਹਾ ਗਿਆ।

## ਨਵ ਜੀਵ ਦਇਆ ਮੰਡਲ

'ਨਵ ਜੀਵ ਦਇਆ ਮੰਡਲ' ਦੇ ਪੈਟਰਨ ਬਣਾਨ ਬਾਰੇ ਹਰਵਿੰਦਰ ਸਿੰਘ ਹੁਰਾਂ ਪੁਛਿਆ ਤਾਂ ਹਜ਼ੂਰ ਨੇ ਇਕ ਸਰਦਾਰ ਕਰਤਾਰ ਸਿੰਘ, ਦੂਜਾ ਸੰਤ ਲਾਭ ਸਿੰਘ ਰਜਿੰਦਰ, ਸਿੰਘ ਹੈਦਰਾਬਾਦ ਦਾ ਨਾਮ ਲਿਆ। ਸੇਠ ਤ੍ਰਿਲੋਕ ਸਿੰਘ ਹੁਰਾਂ ਨਾਲ ਪੈਟਰਨਸ਼ਿਪ ਬਾਰੇ ਜਦੋਂ ਹੰਸਪਾਲ ਹੁਰਾਂ ਗੱਲ ਕੀਤੀ ਤਾਂ ਸੇਠ ਹੁਰਾਂ ਪੱਕੀ ਪੈਟਰਨਸ਼ਿਪ ਦੀ ਪਰਵਾਨਗੀ ਕੀਤੀ ਤਾਂਕਿ ਹਰ ਕੰਮ ਵਿਚ ਦਖ਼ਲ ਹੋ ਸਕੇ ਸ੍ਰੀ ਗੁਰਭਜਨ ਸਿੰਘ ਨੇ ਦੱਸਿਆ ਕਿ ਸਤਿਗੁਰੂ ਜੀ ਪੱਕੀ ਕਮੇਟੀ ਦੇ ਆਨਰੇਰੀ ਮੈਂਬਰ ਹਨ।

ਨਵ ਜੀਵ ਦਇਆ ਮੰਡਲ ਇਕ ੫੦ ਸਫ਼ੇ ਦਾ ਸੋਵੀ ਨਿਅਰ ਹੈਲਥ ਐਂਡ ਫੂਡ ੩੦੦੦ ਦੀ ਤਾਦਾਦ ਵਿਚ ਸ੍ਰ. ਸੁਰਿੰਦਰ ਸਿੰਘ ਮਨਚੰਦਾ ਨੇ ਖਰਚ ਕਰਕੇ ਛਪਾਇਆ ਹੈ ਜਿਸ ਵਿਚ ਕੁਝ ਤਸਵੀਰਾਂ ਆਰਟ ਪੇਪਰ ਤੇ ਵੀ ਹਨ। ਇਸ ਵਿਚ ਇਕ ਫੋਟੋ ਸ੍ਰੀ ਸਤਿਗੁਰੂ ਜੀ ਦੀ ਵੀ ਹੈ।

ਸਤਿਗੁਰੂ ਜੀ ੪.੩੦ ਲਉਢੇ ਵੇਲੇ ਇਸ਼ਨਾਨ ਪਾਣੀ ਕਰਕੇ ਕਿਸੇ ਸਿੱਖ ਦੇ ਘਰ ਚਰਨ ਪਾਣ ਲਈ ਸੁਦਰਸ਼ਨ ਪਾਰਕ ਨੂੰ ਆਪਣੇ ਸੇਵਕਾਂ ਨਾਲ ਪਧਾਰੇ।

ਅਜ ਸ੍ਰੀ ਆਨੰਦ ਸਵਾਮੀ (੯੫) ਦੀ ਮਿਰਤੂ ਬਾਰੇ ਸ੍ਰੀ ਰਣਬੀਰ ਨੂੰ ਮਿਲਣ ਵਾਸਤੇ ਸਤਿਗੁਰੂ ਜੀ ਨੇ ਜਾਣਾ ਹੈ ... ਮੇਰੇ ਕੋਠੀਓਂ ਜਾਣ ਪਿਛੋਂ ਜਾ ਸਕੇ ਹਨ ਕਿ ਨਹੀਂ, ਪਤਾ ... ਨਹੀਂ।

## ਸ਼ਿਵਾ ਜੀ ਸਟੇਡੀਅਮ ਵਿਚ

ਸ੍ਰ. ਹੰਸਪਾਲ ਤੋਂ ਪਤਾ ਲਗਾ ਕਿ ੧੨.੧੧.੭੭ ... ਸ਼ਿਵਾ ਜੀ ਸਟੇਡੀਅਮ ਵਿਚ, ਠਾਕਰ ਦਲੀਪ ਸਿੰਘ ਤੇ ਠਾਕ... ਉਦੈ ਸਿੰਘ ਜੀ ਦੀ ਸਰਦਾਰੀ ਹੇਠ ਤਿਆਰ ਹੋਈ ਨਾਮਧਾ... ਹਾਕੀ ਟੀਮ, ਜੁ ਏਥੇ ਨਹਿਰੂ ਜੂਨੀਅਰ ਹਾਕੀ ਮੁਕਾਬਲਿ... ਵਿਚ ਭਾਗ ਲੈ ਰਹੀ ਹੈ, ਦੀ ਖੇਡ ਵੈਸਟ ਜਰਮਨ ਸਕੂ... ਨਾਲ ਟਾਕਰੇ ਵਿਚ ਆਈ। ਜਰਮਨੀ ਦੇ ਮੁੰਡੇ ਲੰਮੇ ਲੰਮੇ ... ਭਰਵੇਂ ਜੁੱਸਿਆ ਵਾਲੇ ਸਨ ਇਸ ਦਿਨ ਨਾਮਧਾਰੀ ਸੰਗ... ਵੀ ਕਾਫ਼ੀ ਵੱਡੀ ਗਿਣਤੀ ਵਿਚ ਮੈਚ ਵੇਖਣ ਨੂੰ ਗਈਆਂ ... ਸ੍ਰੀ ਸਤਿਗੁਰੂ ਜੀ ਵੀ ਆਪਣੇ ਜਵਾਨ ਬੱਚਿਆਂ ਦਾ ਕਰੱਤ... ਵੇਖਣ ਸ਼ਿਵਾ ਜੀ ਸਟੇਡੀਅਮ ਪਧਾਰੇ। ਸ੍ਰੀ ਸਤਿਗੁਰੂ ਹ... ਸਿੰਘ ਵਿਦਿਆਲਾ ਦੀ ਹਾਕੀ ਟੀਮ ਦੇ ਝੰਡੇ ਹੇਠ ਗਈ ਇ... ਟੀਮ ਨੇ ਜਰਮਨਾਂ ਦੇ ਦੋ ਗੋਲਾਂ ਦੇ ਟਾਕਰੇ ਇਕੋ ਗੋਲ ਕਰ... ਹਾਰ ਪਰਵਾਨ ਕਰ ਲਈ।

ਪਰ ਨਾਮਧਾਰੀਆਂ ਨੂੰ ਰੋਹ ਸੀ ਕਿ ਐਮਪਾਇਰ ... ਇਕ ਗਲਤ ਮੌਕਾ ਜਰਮਨਾਂ ਨੂੰ ਦਿਤਾ ਜੇ ਉਹ ਨਾ ਦਿੰ... ਤਾਂ ਇਹਨਾਂ ਦੀ ਟੀਮ ਨੂੰ ਆਪਣੀ ਹਾਰ ਨੂੰ ਜਿੱਤ ਵਿ... ਬਦਲਣ ਦਾ ਮੌਕਾ ਮਿਲ ਜਾਣਾ ਸੀ। ਝਗੜੇ ਦਾ ਮੌਕਾ ਬ... ਚਲਿਆ ਸੀ ਪਰ ਹੰਸਪਾਲ ਦੇ ਦਖ਼ਲ ਨਾਲ ਰੁਕ ਗਿਆ।

## ੧੪ ਨਵੰਬਰ ੧੯੭੭ ਸੋਮਵਾਰ
## ਨਵੀਂ ਦਿੱਲੀ

## ਡਾਲਟਨ ਗੰਜ ਨੂੰ

ਸਵੇਰੇ ੪.੩੦ ਵਜੇ ਉਠਕੇ ਮੈਂ ਤਿਆਰ ਹੋ ਚੁਕਾ ... ਕਿ ਸ੍ਰ. ਹਰਵਿੰਦਰ ਸਿੰਘ ਹੰਸਪਾਲ ਸਮੇਤ ਪਤਨੀ ਸਾਡੇ ਘ... ਪਾਸ ਆ ਹਾਰਨ ਖੜਕਾਇਆ। ਮੈਂ ਵੀ ਉਹਨਾਂ ਨਾਲ ਕਾ... ਵਿਚ ਬੈਠ ੧੧/੧੦ ਪੂਸਾ ਰੋਡ ਗਿਆ।

ਸਤਿਗੁਰੂ ਜੀ ਦੇ ਸੇਵਕ ਜਾਣ ਦੀਆਂ ਤਿਆਰੀ... ਕਰ ਰਹੇ ਸਨ। ਸਤਿਗੁਰੂ ਜੀ ਆਪਣੇ ਨਿਤਨੇਮ ਵਿਚ ਮਗ... ਸਨ। ਇਸ਼ਾਰੇ ਨਾਲ ਹੀ ਆਪ ਨੇ ਪੁਛਿਆ ਕਿ ਹੰਸਪਾਲ ... ਗੱਡੀ ਆਈ ਹੈ ਤੇ ਤਿਆਰ ਹੈ? ਸਾਡੇ 'ਹਾਂ' ਕਹਿਣ ... ਉਹ ਚੁਪ ਕੀਤੇ ਇਸ ਗੱਡੀ ਵਿਚ ਆ ਬੈਠੇ। ਉਹਨੂੰ ਤੇ ਮੈ... ਵਿਚਾਲੇ ਚਲਣ ਦੀ ਆਗਿਆ ਕੀਤੀ। ਨਵੀਂ ਦਿੱਲੀ ਰੇਲ... ਸਟੇਸ਼ਨ ਤੇ ਜਾਣਾ ਸੀ।



Sri Satguru Jagjit Singh Ji Elibrary NamdhariElibrary@gmail com

ਪਹੁੰਚਣ ਤੇ ਵੇਖਿਆ ਅੱਗੇ ਕੁਝ ਸਰੀਰ ਟਿਕਟਾਂ ਵਗੈਰਾ ਦਾ ਪ੍ਰਬੰਧ ਕਰ ਰਹੇ ਸਨ। ਅਗਲੇ ੧੫-੨੦ ਮਿੰਟਾਂ ਵਿਚ ਕਾਫ਼ੀ ਨਾਮਧਾਰੀ ਸਟੇਸ਼ਨ ਦੀਆਂ ਦੁਧੀਆਂ ਬੱਤੀਆਂ ਹੇਠ ਚਮਕ ਉਠੇ। ਸ੍ਰੀ ਸਤਿਗੁਰੂ ਜੀ ਦੇ ਗਿਰਦ ੨੫-੩੦ ਸਿੰਘਾਂ ਦਾ ਮੰਡਲ ਬਣਿਆ ਰਹਿੰਦਾ। ਸਤਿਗੁਰੂ ਜੀ, ਮਾਤਾ, ਚੰਦ ਕੌਰ ਜੀ, ਬੀਬੀ ਨਰਿੰਦਰ, ਸੰਤ ਮਹਿੰਦਰ ਸਿੰਘ ਪੁਰਬਾ ਆਦਿ ਤਾਂ ਫਸਟ ਕਲਾਸ ਵਿਚ ਸਫ਼ਰ ਕਰਨਾ ਸੀ, ਸੇਠ ਕਿਰਪਾਲ ਸਿੰਘ ਤੇ ਉਨ੍ਹਾਂ ਦੇ ਨਾਲ ਜਾਣ ਵਾਲਿਆਂ ਵੀ ਸ਼ਾਇਦ ਏਸੇ ਡੱਬੇ ਵਿਚ ਜਾਣਾ ਸੀ। ਸੇਠ ਤ੍ਰਿਲੋਕ ਸਿੰਘ ਦੀ ਨੂੰਹ, ਸ਼ੇਰ ਸਿੰਘ ਦੇ ਘਰੋਂ ਸ਼ਾਇਦ ਹੁਕਮ ਨਾਲ ਨਾਲ ਜਾ ਰਹੀ ਸੀ। ਪਰ ਉਹ ਪਲੇਟ ਫਾਰਮ ਤੇ ਉਤਰ ਕੇ ਸ਼ੇਰ ਸਿੰਘ ਨੂੰ ਵੀ ਨਾਲ ਲੈ ਚੜ੍ਹੀ। ਸੇਠ ਤ੍ਰਿਲੋਕ ਸਿੰਘ ਹਰਵਿੰਦਰ ਸਿੰਘ ਸਾਰਾ ਸਮਾ ਸਤਿਗੁਰੂ ਜੀ ਨਾਲ ਰਹੇ। ਸਤਿਗੁਰੂ ਜੀ ਦੀ ਇੱਛਾ ਸੇਠ ਤ੍ਰਿਲੋਕ ਸਿੰਘ ਹੁਰਾਂ ਨੂੰ ਵੀ ਨਾਲ ਖੜਨ ਦੀ ਸੀ, ਪਰ ਕੁਛ ਜ਼ਰੂਰੀ ਕੰਮਾਂ ਕਾਰਨ ਉਹਨਾਂ ਸਨਿਮਰ ਆਗਿਆ ਮੰਗ ਲਈ। ਡਾਲਟਨ ਗੰਜ(ਬਿਹਾਰ) ਵਿਚ ਸੰਗੀਤ ਤੇ ਕੀਰਤਨ ਕਰਨ ਲਈ ਸ੍ਰੀ ਹਰਭਜਨ ਸਿੰਘ ਦਿੱਲੀ ਸੁਖਦੇਵ-ਸੁਖਵਿੰਦਰ (ਭੈ: ਸ:) ਤੇ ਬਲਜੀਤ ਸਿੰਘ ਨਾਲ ਗਏ। ਬਸਤਰ ਸਾਬਕ ਸੰਤ ਕਿਰਪਾਲ ਸਿੰਘ ਵੀ ਏਸੇ ਗੱਡੀ ਚੜ੍ਹੇ। ਆਮ ਦਰਸ਼ਕਾਂ ਨੂੰ ਨਾਮਧਾਰੀਆਂ ਦੀਆਂ ਇਕੋ ਜਿਹੀਆਂ ਸਫੈਦ ਵਰਦੀਆਂ ਆਕਰਸ਼ਤ ਕਰ ਰਹੀਆਂ ਸਨ ਤੇ ਸਭ ਦਾ ਕੇਂਦਰੀ ਨੁਕਤਾ ਸਤਿਗੁਰੂ ਜੀ ਹੋਣ ਕਰਕੇ ਉਨ੍ਹਾਂ ਬਾਬਤ ਸਤਿਕਾਰ ਦੇ ਭਾਵ ਉਪਜਦੇ ਜਾਪਦੇ ਸਨ।

ਟਾਟਾ ਮੇਲ ੫-੪੫ ਵਜੇ ਚਲੀ ਤਦ ਤਕ ਗੱਡੀ ਚੜ੍ਹਾਣ ਆਏ ਨਾਮਧਾਰੀਆਂ ਦੀ ਗਿਣਤੀ ਹੋਰ ਵੀ ਵਧ ਗਈ। ਸੰਤ ਅਮਰ ਸਿੰਘ ਢੱਡਾ ਨਾਮਧਾਰੀ ਕਾਲੋਨੀ ਰਮੇਸ਼ ਨਗਰ ਦੇ ਸਪੁੱਤਰ ਸ੍ਰੀ ਹਰਮੀਤ ਸਿੰਘ, ਹਰਭਜਨ ਸਿੰਘ, ਰਤਨ ਸਿੰਘ ਅਜਿਹੇ ਸਮੇਂ ਕਾਫ਼ੀ ਭੱਜ ਨੱਠ ਕਰਦੇ ਹਨ। ਅਤੇ ਧਰਮਸਾਲਾ ਸਕੱਤਰ ਗੁਰਦੀਪ ਸਿੰਘ ਢੱਡਾ ਨੂੰ ਤਾਂ ਅਜਿਹੀਆਂ ਖੇਚਲਾਂ ਕਰਦਿਆਂ ਹਮੇਸ਼ਾਂ ਸੁਆਦ ਆਉਂਦਾ ਹੈ।

ਨਾਮਧਾਰੀ ਸਮਾਜ ਦੇ ਖਾਮੋਸ਼ ਸੇਵਕ ਸੰਤ ਤੀਰਥ ਸਿੰਘ ਚੰਡੀਗੜ੍ਹ ਰਾਤ ਦੇ ਹੀ ਮੇਰੇ ਘਰੋਂ ਸ਼ੌਰ ਹਾਜ਼ਰੀ ਲਾਕੇ ਆਪਣੇ ਸੰਬੰਧੀਆਂ ਦੇ ਚਲੇ ਗਏ ਸਨ। ਅੱਜ ਦਾ ਸਾਰਾ ਦਿਨ ਹੰਸਪਾਲ ਤੇ ਸ. ਤੀਰਥ ਸਿੰਘ ਨਾਲ ਇਕੱਠਿਆਂ ਬਿਤਾਇਆ।

### ਸ਼ਿਵਾ ਜੀ ਸਟੇਡੀਅਮ

ਲਉਢੇ ਪਹਿਰ ਅਸੀਂ ਸ਼ਿਵਾ ਜੀ ਸਟੇਡੀਅਮ ਵਿਚ ਨਹਿਰੂ ਜੂਨੀਅਰ ਹਾਕੀ ਮੈਚ ਦਾ ਫਾਈਨਲ ਵੇਖਣ ਚਲੇ ਗਏ। ਅਜ ਖੁੰਟੀ (ਬਿਹਾਰ) ਵਾਲੇ ਭਾਰਤੀਆਂ ਨੇ ਵੈਸਟ ਜਰਮਨ ਸਕੂਲ ਦੀ ਟੀਮ ਨੂੰ ਇਕ ਗੋਲ ਤੇ ਹਰਾ ਦਿਤਾ। ਖੇਡੀਆਂ ਤਾਂ ਦੋਵੇਂ ਟੀਮਾਂ ਹੀ ਮਾਂ-ਪਿਉ ਵਾਲਾ ਟਿਲ ਲਾਕੇ ਪਰ ਵੈਸਟ ਜਰਮਨ ਸਕੂਲ ਗੋਲ ਨਾ ਹੀ ਕਰ ਸਕਿਆ। ਦੂਜੀ ਟੀਮ ਨੂੰ ਵੀ ਦੂਜਾ ਗੋਲ ਕਰਨ ਦਾ ਮੌਕਾ ਨਸੀਬ ਨਾ ਹੋਇਆ। ਵੈਸਟ ਜਰਮਨ ਸਕੂਲ ਦਾ ਗੋਲਚੀ ਬਹੁਤ ਵਧੀਆ ਸੀ। ਸਾਡੇ ਬੈਠੇ-ਬੈਠੇ ਚਾਰ ਵਾਰ ਉਸ ਗੋਲ ਹੋਣੋ ਬਚਾਇਆ।

## ੧੬ ਅਤੇ ੧੭ ਨਵੰਬਰ ੧੯੭੭ ਬੁੱਧ ਤੇ ਵੀਰ
## ਨਵੀਂ ਦਿੱਲੀ

### ਸ਼ਿਵਾ ਜੀ ਸਟੇਡੀਅਮ

ਇਹਨੀਂ ਦਿਨੀਂ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦੀ ਹਾਕੀ ਟੀਮ ਦਾ ਮੈਚ ਕੇਂਬਰੀਜ਼ ਯੂਨੀਵਰ-ਸਿਟੀਜ਼ ਨਾਲ ਸ਼ਿਵਾ ਜੀ ਸਟੇਡੀਅਮ ਨਵੀਂ ਦਿਲੀ ਵਿਚ ਸੀ। ਪਹਿਲੇ ਦਿਨ ਤਾਂ ਦੋਵੇਂ ਟੀਮਾਂ ਬਰਾਬਰ ਰਹੀਆਂ, ਸਾਢੇ ਸੱਤ ਮਿੰਟ ਵਾਧੂ ਵੀ ਹਾਰ ਜਿੱਤ ਲਈ ਮਿਲੇ ਪਰ ਕੋਈ ਵੀ ਕਿਸੇ ਨੂੰ ਜਿੱਤ ਨ ਸਕਿਆ।

ਅਗਲੇ ਦਿਨ ਫਿਰ ਇਕ ਮੈਚ, ਪਹਿਲੇ ਵਾਲੀ ਜਗਾਹ ਤੇ ਪਹਿਲੇ ਵਾਲੇ ਵੇਲੇ ਹੀ ਹੋਇਆ ਪਰ ਅਜ ਇਕ ਗੋਲ ਕਰਕੇ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦੀ ਟੀਮ ਜੇਤੂ ਹੋ ਗਈ। ਕਲ੍ਹ ਤਾਂ ਇਨਸਪੈਕਟਰ ਜਨਰਲ ਬੀ. ਐਸ. ਐਫ. ਕੁਮਾਰ ਸਾਹਿਬ ਵੀ ਮੌਜੂਦ ਸਨ।

ਠਾਕੁਰ ਦਲੀਪ ਸਿੰਘ ਤੇ ਠਾਕਰ ਉਦੇ ਸਿੰਘ ਆਪਣੀ ਟੀਮ ਨੂੰ ਥਾਬਾਸ਼ ਤੇ ਲੋੜੀਂਦੀ ਦੇਖ ਭਾਲ ਦਿੰਦੇ ਰਹੇ। ਸ੍ਰ: ਹੰਸਪਾਲ, ਸ੍ਰ: ਤੀਰਥ ਸਿੰਘ ਚੰਡੀਗੜ੍ਹ, ਡਾ: ਅਮਰ ਭਾਰਤੀ, ਗੁਰਦੇਵ ਸਿੰਘ ਸਰੋਦ ਤੇ ਹੋਰ ਅਨੇਕਾਂ ਨਾਮਧਾਰੀ ਮੌਕੇ ਤੇ ਉਪਸਥਿਤ ਸਨ।

ਨਾਮਧਾਰੀ ਕਾਟ ਦੇ ਕਪੜੇ ਸਿਉਣ ਵਾਲਾ ਸੰਤ ਜਸਵੰਤ ਸਿੰਘ ਦਿੱਲੀ ਸਪੁਤਰ ਸੰਤ ਠੰਡਾ ਸਿੰਘ (ਭੈ: ਸਾ:) ਵੀ ਮੈਂ ਵੇਖਿਆ ਕਿ ਖੇਡਾਂ ਵਿਚ ਉਚੇਚੀ ਰੁਚੀ ਰਖਦਾ ਹੈ। ਕੰਮ ਛੱਡ ਕੇ ਖੇਡ-ਮੈਦਾਨ ਵਿਚ ਦਰਸ਼ਕਾਂ ਵਜੋਂ ਹਾਜ਼ਰ ਰਹਿੰਦਾ ਹੈ।



Sri Satguru Jagjit Singh Ji Elibrary NamdhariElibrary@gmail.com

## ੧੯ ਨੌਵੰਬਰ ੧੯੭੭ ਸ਼ੁਕਰਵਾਰ
## ਨਵੀਂ ਦਿੱਲੀ

### ਮੁੜ ਦਿੱਲੀ ਦਰਸ਼ਨ

ਕਲ੍ਹ ਸ਼ਾਮੀਂ ੬.੫੦ ਤੇ ਟਾਟਾ ਐਕਸ ਪ੍ਰੈਸ ਦੁਆਰਾ ਸ੍ਰੀ ਸਤਿਗੁਰੂ ਜੀ ਆਪਣੇ ਨਾਲ ਗਏ ਜਥੇ ਸਮੇਤ ਦਿੱਲੀ ਪਧਾਰੇ। ਨਵੀਂ ਦਿੱਲੀ ਸਟੇਸ਼ਨ ਤੇ ਸਿੰਘ ਅਤੇ ਕਾਰਾਂ ਸੁਆਗਤ ਸਤਿਕਾਰ ਅਤੇ ਸਾਮਾਨ ਵਿਚ ਮਦਦ ਲਈ ਪਹੁੰਚੇ। ਮੈਂ ਤਾਂ ੧੧/੧੦ ਪੂਸਾ ਰੋਡ ਕੋਠੀ ਵਿਚ ਹੀ ਇੰਤਜ਼ਾਰ ਕੀਤੀ। ਏਥੇ ਹੋਰ ਵੀ ਬਹੁਤ ਸਾਰੇ ਸਿੰਘ ਦਰਸ਼ਨ ਪਿਆਸੇ ਉਡੀਕ ਮਗਨ ਸਨ। ਸਤਿਗੁਰੂ ਜੀ ਦੇ ਆਉਂਦਿਆਂ ਹੀ 'ਮਨ ਖਿੜਿਆ ਹਰਿਆ ਬਾਗ' ਵਾਲੀ ਗੱਲ ਹੋ ਗਈ।

### ਸ੍ਰ: ਚਰਨਜੀਤ ਸਿੰਘ ਦੇ ਘਰ

ਕ੍ਰਿਸ਼ਨਾ ਨਗਰ, ਜਮਨਾ ਪਾਰ ਮਾਸਟਰ ਨਿਹਾਲ ਸਿੰਘ ਜੀ ਤੇ ਉਨ੍ਹਾਂ ਦੇ ਲੜਕੇ ਸ੍ਰ: ਚਰਨਜੀਤ ਸਿੰਘ ਵਲ ਸਵੇਰੇ ਆਸਾ ਦੀ ਵਾਰ ਲਗਣੀ ਤੇ ਅਖੰਡ ਪਾਠ ਦਾ ਭੋਗ ਪੈਣਾ ਸੀ। ਇਸ ਲਈ ਦਰਸ਼ਨ ਕਰਕੇ ਸ੍ਰੀ ਭੁਪਿੰਦਰ ਸਿੰਘ ਸਪੁਤਰ ਸ੍ਰ: ਸੇਵਾ ਸਿੰਘ ਦੀ ਕਾਰ ਤੇ ਉਸਤਾਦ ਹਰਭਜਨ ਸਿੰਘ, ਗੁਰਦੇਵ ਸਿੰਘ ਸਰੋਦ ਅਤੇ ਪ੍ਰੀਤਮ ਸਿੰਘ ਕਵੀ ਤਾਂ ਰਾਤ ਰਹਿਣ ਹੀ ਉਥੇ ਚਲੇ ਗਏ। ਸ੍ਰ: ਸੇਵਾ ਸਿੰਘ ਨੇ ਉਚੇਚ ਕਰਕੇ ਸਾਰੀ ਸੰਗਤ ਦੇ ਰਾਤ-ਨਿਵਾਸ ਦਾ ਪ੍ਰਬੰਧ ਆਪਣੀ ਕੋਠੀ ਕੀਤਾ।

ਆਸਾ ਦੀ ਵਾਰ ਦਾ ਕੀਰਤਨ ਅਜ ਸਵੇਰੇ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗੁਰਦੇਵ-ਹਰਭਜਨ ਸਿੰਘ ਅਤੇ ਬਚਿਆਂ ਨੇ ਕੀਤਾ।

ਨਾਮਧਾਰੀ ਦਰਬਾਰ ਦੇ ਪ੍ਰਧਾਨ, ਗੁਰੂ ਹਰੀ ਸਿੰਘ ਮਹਾ ਵਿਦਿਆਲਾ ਸ੍ਰੀ ਜੀਵਨ ਨਗਰ ਦੇ ਸਾਬਕਾ ਮੁਖ ਅਧਿਆਪਕ, ਗੁਰੂ ਘਰ ਦੇ ਮਹਾਨ ਪ੍ਰੇਮੀ ਤੇ ਸਿਦਕੀ ਸਿਖ ਮਾਸਟਰ ਨਿਹਾਲ ਸਿੰਘ ਦੇ ਛੋਟੇ ਸਪੁਤਰ ਚਰਨਜੀਤ ਸਿੰਘ ਨੇ ਦਰੀਆਂ ਬਣਵਾਣ ਦਾ ਕੰਮ ਆਰੰਭ ਕੀਤਾ ਹੋਇਆ ਹੈ। ਹੁਣ ਉਸ ਨੇ ਇਕ ਨਵਾਂ ਘਰ ਵੀ ਖਰੀਦ ਲਿਆ ਹੈ ਅਤੇ ਇਸ ਦੇ ਘਰ ਇਕ ਲੜਕਾ ਵੀ ਜਨਮਿਆ ਹੈ। ਆਪਣੀ ਖੁਸ਼ੀ ਨੂੰ ਸੰਗਤਾਂ ਨਾਲ ਸਾਂਝਿਆਂ ਕਰਨ ਲਈ ਹੀ ਆਸਾ ਦੀ ਵਾਰ ਦਾ ਕੀਰਤਨ ਤੇ ਅਖੰਡ ਪਾਠ ਦਾ ਅਯੋਜਨ ਕੀਤਾ ਗਿਆ ਹੈ ਜਿਸ ਵਿਚ ਸਤਿਗੁਰੂ ਜੀ ਦੇ ਦਰਸ਼ਨਾਂ ਨੇ ਚਾਰ ਚੰਨ ਲਾ ਦਿਤੇ ਹਨ।

ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ੬.੩੦ ਵਜੇ ਸਵੇਰੇ ਦੂਰੋਂ ਲਾਊਡ ਸਪੀਕਰ ਦੀ ਅਵਾਜ਼ ਨਾਲ ਭੋਗ ਦੇ ਸਲੋਕ ਸੁਣੀਣ ਲਗੇ। ਅਰਦਾਸ ਤੋਂ ਪਿਛੋਂ ਮੈਨੂੰ ਵੀ ਚੰਦ ਮਿੰਟ ਦੀ ਤਕਰੀਰ ਲਈ ਆਗ੍ਰਹਿ ਕੀਤਾ ਗਿਆ। ਮੈਂ ੨੦-੨੫ ਮਿੰਟਾਂ ਵਿਚ ਨਾਮਧਾਰੀਆਂ ਦੇ ਉੱਚੇ ਸੁੱਚੇ ਆਚਾਰ ਨੂੰ ਜੀਵੰਤ ਰਖਣ ਲਈ ਆਪਣੇ ਵਿਚਾਰ ਪਰਗਟ ਕੀਤੇ।

ਉਪਰੰਤ ਸਤਿਗੁਰੂ ਜੀ ਨੇ ਫਲ-ਆਹਾਰ ਕੀਤਾ ਤੇ ਸਾਧ ਸੰਗਤ ਨੇ ਸੰਤੁਸ਼ਟ ਹੋ ਕੇ ਪ੍ਰਸ਼ਾਦ ਪਾਣੀ ਛਕਿਆ।

ਬਾਲ ਸਖਾ ਪ੍ਰੀਤਮ ਸਿੰਘ ਪੰਛੀ ਮੇਰੇ ਨਾਲ ਰਾਜੌਰੀ ਆਇਆ। ਥੋੜਾ ਚਿਰ ਘਰ ਰਹਿ ਕੇ ੪ ਵਜੇ ਪੂਸਾ ਰੋਡ ਕੋਠੀ ਗਏ ਤਦ ਤਕ ਸ੍ਰੀ ਸਤਿਗੁਰੂ ਜੀ ਬੀਬੀ ਲੀਲਾਵੰਤੀ/ ਸ੍ਰ: ਆਤਮਾ ਸਿੰਘ ਰਾਵਲ ਪਿੰਡੀ ਦੇ ਸਪੁਤਰ ਸ੍ਰ: ਰਾਮ ਰਤਨ ਸਿੰਘ ਦੇ ਘਰ ਦਰਸ਼ਨ ਦੇਣ ਜਾ ਚੁਕੇ ਸਨ।

### ਬੀਬੀ ਨਰਿੰਦਰ

ਵਿਹਲ ਦਾ ਲਾਭ ਉਠਾ ਕੇ ਗੁਰੂ ਸਪੁੱਤਰੀ ਬੀਬਾ ਜੀ ਦੀ ਉਸਤਾਨੀ ਬੀਬੀ ਨਰਿੰਦਰ ਕੌਰ ਪਾਸ ਜਾ ਉਹਦੇ ਬਾਰੇ ਕੁਛ ਜਾਣਕਾਰੀ ਲੈਣ ਲਈ ਉਸ ਨੂੰ ਪਰੇਰਿਆ। ਇਸ ਮੌਕੇ ਬੀਬੀ ਸ਼ਕੁੰਤਲਾ ਭੁਟਾਨੀ ਰਾਜਿੰਦਰ ਨਗਰ ਵੀ ਕੋਲ ਸੀ। ਸਵਾਲ ਕੀਤਾ : ਸਤਿਗੁਰੂ ਜੀ ਪਾਸ ਆਉਣ ਦਾ ਤੁਹਾਨੂੰ ਅਵਸਰ ਕਿਵੇਂ ਮਿਲਿਆ ?

ਬੀਬੀ ਨਰਿੰਦਰ ਨੇ ਦਸਿਆ : ਮੇਰਾ ਛੋਟੀ ਉਮਰੇ ਅਰਥਾਤ ੧੫ ਸਾਲ ਦੀ ਆਯੂ ਵਿਚ ਹੀ ਅਫ਼ਰੀਕਾ ਵਿਚ ਵਿਆਹ ਹੋ ਗਿਆ। ਸਹੁਰਾ ਪਰਵਾਰ ਮਾਸ ਸ਼ਰਾਬ ਖਾਣ ਪੀਣ ਵਾਲਾ ਤੇ ਕਲੱਬਾਂ ਹੋਟਲਾਂ ਨਾਲ ਦੋਸਤੀ ਰਖਣ ਵਾਲਾ ਸੀ। ਮੈਂ ਭੀ ਲੁੜੀਂਦੀ ਤਾਲੀਮ ਹਾਸਲ ਕਰਕੇ ਨਰਸਿੰਗ ਕਰਨ ਲਗ ਪਈ—ਡਾਕਟਰੀ ਦੀ ਤਿਆਰੀ ਕਰ ਰਹੀ ਸਾਂ। ਸੰਗੀਤ ਦੀ ਸਿੱਖਿਆ ਮੇਰੇ ਮਾਪਿਆਂ—ਸ੍ਰ: ਸੁਰਤ ਸਿੰਘ ਹੁਰਾਂ ਮੁੱਢ ਤੋਂ ਹੀ ਦਿਵਾਈ ਹੋਈ ਸੀ। ਮੈਂ ਜਲਸੇ, ਜਲੂਸਾਂ, ਕਲੱਬਾਂ ਗੁਰਦੁਆਰਿਆਂ ਵਿਚ ਜਾਂਦੀ, ਗਾਉਂਦੀ ਜਾਂ ਤਕਰੀਰਾਂ ਕਰਦੀ।

"ਮੇਰੇ ਪਿਤਾ, ਸ. ਸੁਰਤ ਸਿੰਘ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦ੍ਰਿਸ਼ਟੀ ਨੇ ਅਪਣਾ ਸ਼ਿਕਾਰ ਕਰ ਲਿਆ। ਹੌਲੀ ਹੌਲੀ ਉਨ੍ਹਾਂ ਦੀ ਗੁਰੂ ਚਰਨਾਂ ਨਾਲ ਨੇੜਤਾ ਵਧ ਗਈ। ਮੈਂ ਵੀ ਭਾਵੇਂ ਪੱਛਮੀ ਤਰਜ਼ ਦੇ ਰਹਿਣ ਸਹਿਣ ਵਾਲੇ ਪਰਵਾਰ ਨਾਲ ਜੁੜੀ ਹੋਈ ਸਾਂ ਪਰ ਵਿਚਾਰ ਮੇਰੇ ਸਾਤਵਿਕ ਸਨ। ਗੁਰਬਾਣੀ ਦੇ ਸ਼ਬਦ ਬਹੁਤ ਸਾਰੇ ਯਾਦ ਸਨ ਤੇ ਆਮ ਕਰਕੇ ਇਹੋ ਗਾਂਦੀ ਸਾਂ। ਮੇਰੀ ਭਾਵਨਾ ਵਿਚ ਸ਼ਰਧਾ ਦਾ ਅੰਸ਼ ਵਧੇਰੇ ਸੀ। ਸਤਿਗੁਰਾਂ ਦੀਆਂ ਤਸਵੀਰਾਂ ਅਗੇ ਸ਼ਰਧਾ ਸੰਯੁਗਤ ਬੈਠ ਕੇ ਪਰਵਾਰ ਵਿਚੋਂ ਰੋਗ ਸੋਗ



Sri Satguru Jagjit Singh Ji Elibrary NamdhariElibrary@gmail.com

ਦੂਰ ਕਰਨ ਦੀਆਂ ਅਰਜੋਈਆਂ ਕਰਦੀ।

'ਦਿਮਾਗ ਬੜਾ ਤੇਜ਼ ਸੀ। ਪੰਜ ਸਾਲਾਂ ਦੇ ਅਰਸੇ ਵਿਚ ਹੀ ਦਸ ਜਮਾਤਾਂ ਪਾਸ ਕਰ ਲਈਆਂ। ਤੇ ਸੰਗੀਤ ਦੀ ਬਾਕਾਇਦਾ ਸਿਖਿਆ ਪ੍ਰਾਪਤ ਕਰਕੇ ਭਾਰਤ ਵਿਚ ਆਕੇ ਐਮ. ਏ. ਕਰ ਲਈ।



ਬੀਬੀ ਨਰਿੰਦਰ ਕੌਰ

ਸਤਿਗੁਰੂ ਜੀ ਦੀ ਮਿਹਰ ਮੇਰੇ ਘਰ ਵਾਲੇ ਤੇ ਵੀ ਹੋ ਗਈ। ਉਹ ਮਾਸੀ ਸ਼ਰਾਬੀ ਪਰਵਾਰ ਚੋਂ ਨਿਕਲ ਕੇ ਮੇਰੇ ਪੇਕੇ ਘਰ ਨਾਲ ਆ ਜੁੜਿਆ। ਵਿਆਹ ਤੋਂ ੧੦ ਸਾਲ ਬਾਅਦ ਤਕ ਸਾਡੇ ਘਰ ਦੋ ਲੜਕੇ ਹੋ ਗਏ। ੨੯ ਕੁ ਸਾਲ ਦੀ ਉਮਰ ਵਿਚ ਜਦੋਂ ਇਕ ਵਾਰ, ਭਾਰਤ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ।

"ਉਸ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗ੍ਰਿਹਿ ਵਿਖੇ ਬੀਬਾ ਜੀ ਆ ਚੁਕੇ ਸਨ। ਮਹੀਨੇ ਵਾਸਤੇ ਅਸੀਂ ਭਾਰਤ ਆਏ ਸਾਂ। ਸਤਿਗੁਰੂ ਜੀ ਨੇ ਮਹੀਨੇ ਪਿਛੋਂ ਮੇਰੇ ਸਰਦਾਰ-ਜਸਵੰਤ ਸਿੰਘ ਜੀ ਨੂੰ ਨੈਰੋਬੀ (ਅਫਰੀਕਾ) ਭੇਜ ਦਿਤਾ। ਉਹ ਓਥੇ ਸਿਵਲ ਇੰਜਨੀਅਰ ਹਨ। ਮੇਰੇ ਦੁਹਾਂ ਬੱਚਿਆਂ ਨੂੰ ਕਾਨਵੈਂਟ ਸਕੂਲ ਵਿਚ ਦਾਖਲ ਕਰਵਾ ਦਿਤਾ। ਮੇਰੇ ਪਿਤਾ ਜੀ ਤਦ ਤਕ ਅੰਮ੍ਰਿਤਸਰ ਰਿਹਾਇਸ਼ ਰਖਣ ਲਗ ਪਏ ਸਨ। ਮੈਂ ਉਹਨਾਂ ਦੇ ਧਿਆਨ ਵਿਚ ਕਦੇ-ਅੰਮ੍ਰਿਤਸਰ ਅਤੇ ਕਦੇ ਭੈਣੀ ਸਾਹਿਬ ਰਹਿਣ ਲਗ ਪਈ। ਬੀਬਾ ਜੀ ਮੇਰੀ ਸੰਭਾਲ ਵਿਚ ਦਿਤੇ ਗਏ।

ਬੀਬਾ ਜੀ ਇਸ ਸਮੇਂ ੧੫ ਸਾਲਾ ਦੇ ਹੋ ਚੁਕੇ ਹਨ ਅਤੇ ਮੈਨੂੰ ਘਰੋਂ ਆਇਆਂ ੧੫ ਸਾਲ ਹੋ ਗਏ ਹਨ। ਪਹਿਲੀ ਵਾਰ ਮੈਂ ੪ ਸਾਲਾਂ ਦੇ ਅਰਸੇ ਬਾਅਦ ਥੋੜੇ ਚਿਰ ਲਈ ਅਫਰੀਕਾ ਗਈ ਸਾਂ। ਫੇਰ ਜਦੋਂ ਕਦੇ ਸ੍ਰੀ ਸਤਿਗੁਰੂ ਜੀ ਅਫਰੀਕਾ ਗਏ ਮੈਨੂੰ ਵੀ ਬੀਬਾ ਜੀ ਸਮੇਤ ਨਾਲ ਲੈ ਗਏ ਹੁਣ ਬੱਚੇ ਵਡੇ ਹੋ ਗਏ ਹਨ। ਇਕ ਲੁਧਿਆਣਾ ਖੇਤੀ ਬਾੜੀ ਯੂਨੀਵਰਸਿਟੀ ਵਿਚ ਪੜ੍ਹਦਾ ਹੈ। ਦੂਜਾ ਅਤੇ ਵੱਡਾ ਇੰਗਲੈਂਡ ਵਿਚ ਤਾਲੀਮ ਹਾਸਲ ਕਰ ਰਿਹਾ ਹੈ।

ਏਧਰ ਬੀਬਾ ਜੀ ਹਨ ਕਿ ਮੈਥੋਂ ਬਿਨਾ ਪਲ ਭਰ ਨਹੀਂ ਰਹਿੰਦੇ ਰਾਤ ਬਿਸਤਰੇ ਤੇ ਹੱਥ ਫੇਰ ਫੇਰ ਮੇਰੀ ਹੋਂਦ ਦਾ ਪਤਾ ਕਰਨਗੇ। ਮਾਤਾ ਜੀ ਨਾਲ ਤਾਂ ਉਹਨਾਂ ਦਾ ਏਨਾ ਹੀ ਵਾਸਤਾ ਹੈ ਕਿ ਉਹ ਮਾਤਾ ਜੀ ਹਨ ਤੇ ਹਰ ਗੱਲ ਦਾ ਸਾਡੇ ਪ੍ਰਤੀ ਧਿਆਨ ਰਖਦੇ ਹਨ। ਪਰ ਮੈਨੂੰ ਬੀਬਾ ਜੀ ਇਕ ਛਿਣ ਲਈ ਵੀ ਆਪਣੇ ਤੋਂ ਜੁਦਾ ਨਹੀਂ ਹੋਣ ਦਿੰਦੇ। ਕਦੇ ਵੀ ਐਸਾ ਸਮਾ ਨਹੀਂ ਆਇਆ ਕਿ ਅਸੀਂ ਵਿਛੜੇ ਹੋਈਏ, ਇਕ ਦੋ ਵਾਰ ਮੈਂ ਚੋਰੀ ਪੇਕੀਂ ਜਾਣ ਦੀ ਕੋਸ਼ਸ਼ ਕੀਤੀ ਹੈ ਕੇਵਲ ਇਕ ਦੋ ਦਿਨਾਂ ਲਈ, ਤਾਂ ਬੀਬਾ ਜੀ ਨੇ ਲੰਗਰ ਪਾਣੀ ਨਹੀਂ ਛਕਿਆ ਤੇ ਮੈਨੂੰ ਮਜਬੂਰ ਕਰ ਦਿਤਾ ਕਿ ਜਾਂ ਉਹਨਾਂ ਨੂੰ ਵੀ ਨਾਲ ਲੈ ਜਾਵਾਂ ਜਾਂ ਆਪ ਨਾ ਜਾਵਾਂ।

ਅਜਿਹੀ ਸਥਿਤੀ ਵਿਚ ਮੇਰੇ ਲਈ ਜ਼ਰੂਰੀ ਹੈ ਕਿ ਮੈਂ ਅਜੇ ਹੋਰ ਉਡੀਕਾਂ। ਸੱਚੇ ਪਾਤਸ਼ਾਹ ਯੋਗ ਵਰ-ਘਰ ਦੀ ਤਲਾਸ਼ ਵਿਚ ਹਨ, ਕਿਸੇ ਵੇਲੇ ਵੀ ਅਨੰਦ ਕਾਰਜ ਹੋ ਸਕਦਾ ਹੈ।"

ਬੀਬੀ ਨਰਿੰਦਰ ਦੀ ਸਿਹਤ ਕਾਫੀ ਕਮਜ਼ੋਰ, ਸਰੀਰ ਤੇ ਸਿਰਫ ਹੱਡੀਆਂ ਨਾਲ ਜੁੜਵਾਂ ਮਾਸ ਰਹਿ ਗਿਆ ਹੈ। ਬੀਬੀ ਸ਼ਕੁੰਤਲਾ ਨੇ ਪੁਛਿਆ : ਆਪ ਖਾਂਦੇ ਕੀ ਹੋ ਤੇ ਕਿੰਨਾ ਕੁ, ਸਰੀਰ ਉੱਕਾ ਹੀ ਛਟੀ ਵਰਗਾ ਹੋ ਗਿਆ ਹੈ ? ਉਤਰ ਮੈਂ ਹੀ ਦੇ ਦਿਤਾ : ਗ਼ਮ ਖਾਂਦੇ ਤੇ ਗੁੱਸਾ ਪੀਂਦੇ ਹਨ ਤਾਂ ਹੀ ਸਰੀਰ ਪਿਛਾਂਹ ਨੂੰ ਜਾ ਰਿਹਾ ਹੈ।

ਬੀਬੀ ਦੇ ਤਪ ਤਿਆਗ ਦੀਆਂ ਕੀ ਰੀਸਾਂ! ਮਨ ਦੇ ਸਾਰੇ ਸ਼ੌਕ ਗੁਰੂ ਘਰ ਤੋਂ ਕੁਰਬਾਨ ਕਰ ਦਿਤੇ। ਜੁਆਨੀ ਗੁਰੂ ਸਪੁਤਰੀ ਦੀ ਸੰਭਾਲ ਵਿਚ ਲਗਾ ਦਿਤੀ। ਪਤੀ ਕਿਤੇ, ਪੁੱਤਰ ਕਿਤੇ, ਦੂਜਾ ਪੁਤਰ ਕਿਤੇ ਆਪ ਕਿਤੇ! ਕੋਈ ਆਰਥਕ ਪ੍ਰਾਪਤੀ ਨਹੀਂ—ਕੋਈ ਲਾਲਚ ਨਹੀਂ।

ਪਹਿਲਾਂ ਪਹਿਲਾਂ ਏਸੇ ਬੀਬੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਿਹਰਬਾਨ ਹੋ ਕੇ ਅਫਰੀਕਾ ਦੀਆਂ ਨਾਮਧਾਰੀ ਬੀਬੀਆਂ ਦਾ ਜਨਰਲ ਸਕੱਤਰ ਬਣਾਇਆ ਅਤੇ ਦੂਜਿਆਂ ਨੂੰ ਭਜਨ ਦੇਣ ਦੀ ਆਗਿਆ ਕੀਤੀ।

## ਛੋਟੀ ਉੱਮਰ ਵੱਡੀ ਉਮਰ

ਬੀਬੀ ਸ਼ਕੁੰਤਲਾ ਨੇ ਆਖਿਆ ਕਿ ਸਤਿਗੁਰੂ ਜੀ ਏਨੀ



Sri Satguru Jagjit Singh Ji Elibrary NamdhariElibrary@gmail.com

ਛੋਟੀ ਉਮਰੇ ਕਿਉਂ ਬੀਬਾ ਸਾਹਿਬ ਕੌਰ ਜੀ ਦਾ ਆਨੰਦ ਸੋਚ ਰਹੇ ਹਨ ? ਮੈਂ ਸਪਸ਼ਟ ਕੀਤਾ ਕਿ ੧੬-੧੭ ਦੀ ਉਮਰ ਤਕ ਦੀਆਂ ਲੜਕੀਆਂ ਜਿਥੇ ਵੀ ਵਿਆਹ ਦੇਈਏ ਆਪਣੇ ਆਪ ਨੂੰ ਅਗਲੇ ਘਰ ਨਾਲ ਅਨੁਕੂਲ (ਐਡਜਸਟ) ਕਰ ਲੈਂਦੀਆਂ ਹਨ ਪਰ ਜਦੋਂ ੧੯-੨੦ ਦੀਆਂ ਹੋ ਜਾਣ ਤਾਂ ਉਹਨਾਂ ਦੇ ਮਨ ਵਿਚ ਮਨੁਖ ਤੇ ਘਰ ਦੀ ਇਕ ਆਪਣੀ ਸ਼ਕਲ-ਸੂਰਤ ਉਘੜ ਆਉਂਦੀ ਹੈ। ਤਦ ਫਿਰ ਨਾ-ਪਸੰਦ ਘਰਾਂ ਨਾਲ ਚਲਣਾ ਜ਼ਿੰਦਗੀ ਦਾ ਨਰਕ ਸਹੇੜ ਲੈਣਾ ਹੁੰਦਾ ਹੈ। ਇਹੋ ਆਧਾਰ ਜਾਪਦਾ ਹੈ ਸਤਿਗੁਰੂ ਜੀ ਦੀ ਸੋਚ ਦਾ। ਦੂਹਾਂ ਬੀਬੀਆਂ ਨੇ ਮੇਰੀ ਇਸ ਵਿਚਾਰ ਨੂੰ ਪਰਵਾਨ ਕੀਤਾ।

## ਨਿਧਨ ਅਨੰਦ ਸਵਾਮੀ ਦਾ

ਤਦ ਨੂੰ ਸ੍ਰੀ ਸਤਿਗੁਰੂ ਜੀ ਨੇ ਆ ਦਰਸ਼ਨ ਦਿਤੇ। ਮੈਂ ਨਮਸਕਾਰ ਕਰ ਪੁੱਛਿਆ : ਕੀ ਆਪ ਸ੍ਰੀ ਆਨੰਦ ਸਵਾਮੀ ਦੇ ਨਿਧਨ ਤੋਂ ਬਾਅਦ ਸ੍ਰੀ ਰਣਬੀਰ ਨੂੰ ਮਿਲ ਸਕੇ ਹੋ ? ਦਸਿਆ ਗਿਆ : ਉਹਨਾਂ ਤੋਂ ਜਦੋਂ ਫੋਨ ਤੇ 'ਵਕਤ' ਬਾਰੇ ਪੁਛਿਆ ਤਾਂ ਰਣਬੀਰ ਜੀ ਨੇ ਕਿਹਾ ਸੀ : ਆਪ ਜੀ ਨਾ ਆਓ, ਮੈਂ ਹੀ ਕਿਸੇ ਸਮੇਂ ਆਪ ਦੀ ਸੇਵਾ ਵਿਚ ਪਹੁੰਚ ਜਾਵਾਂਗਾ। ਤੁਹਾਡੇ ਨੁਮਾਇੰਦੇ ਸੇਠ ਤ੍ਰਿਲੋਕ ਸਿੰਘ ਤੇ ਸਰਦਾਰ ਹਰਵਿੰਦਰ ਸਿੰਘ ਸਮੇਂ ਸਿਰ ਪਹੁੰਚ ਗਏ ਸਨ।

## ਫੈਸਲਾ ਤਰਕ

ਸਤਿਗੁਰੂ ਜੀ ਨੇ ਪਹਿਲਾਂ ਏਥੋਂ, ਫਿਰ ਸ: ਰਾਮ ਰਤਨ ਸਿੰਘ ਦੇ ਘਰੋਂ ਜਾ ਕੇ, ਬਨਾਰਸ ਨਾਲ ਫੋਨ ਕੰਟੈਕਟ ਕਰਕੇ ੪.੧੨.੭੭ ਨੂੰ ਸ੍ਰ: ਕਿਸ਼ਨ ਮਹਾਰਾਜ ਜੀ ਦੇ ਘਰ ਉਨ੍ਹਾਂ ਦੇ ਲੜਕੇ ਪੂਰਨ ਮਹਾਰਾਜ ਵਲੋਂ ਆਰੰਭ ਕਾਰਵਾਈ ਜਾਣ ਵਾਲੀ ਸੰਸਥਾ ਦੀ ਸਥਿਤੀ ਬਾਰੇ ਜਾਣਕਾਰੀ ਲਈ ਰਾਤ ਤਕ ਇਸ ਸਭਾ ਦੇ ਉਦਘਾਟਨ ਹਿਤ ਜਾਣ ਦਾ ਫੈਸਲਾ ਤਰਕ ਕਰ ਦਿੱਤਾ ਗਿਆ।

## ਸੰਗੀਤ ਆਜ਼ਾਦ ਭਵਨ

ਸ਼ਾਮੀ ੫.੪੫ ਵਜੇ ਕੋਠੀਓਂ ਦੋ ਗੱਡੀਆਂ ਰਾਹੀਂ ਸ੍ਰੀ ਸਤਿਗੁਰੂ ਜੀ ਅਤੇ ਸੰਗੀਤ ਨਾਲ ਦਿਲਚਸਪੀ ਰਖਣ ਵਾਲੇ ਸਜਣ ਆਜ਼ਾਦ ਭਵਨ (ਨਜ਼ਦੀਕ ਆਈ. ਟੀ. ਓ.) ਵਿਚ ਗਏ ਜਿਥੇ ਨਾਟਕ ਅਤੇ ਲਲਿਤ ਕਲਾ ਅਕਾਡਮੀ ਵਲੋਂ ਸੰਗੀਤ ਦਾ ਪ੍ਰੋਗਰਾਮ ਚਲ ਰਿਹਾ ਸੀ। ਇਸ ਵਿਚ ਅਜ ਦੂਜਾ ਕਾਰਜ ਕਰਮ ਮਿਸ਼ਰਾ ਬੰਧੂਆਂ-ਰਾਜਨ-ਸਾਜਨ ਦਾ ਸੀ।

ਸਤਿਗੁਰੂ ਜੀ ਦੀ ਇੰਤਜ਼ਾਰ ਵਿਚ ਗਾਇਨ ਜ਼ਰਾ ਲੇਟ ਸ਼ੁਰੂ ਕੀਤਾ ਗਿਆ। ਇਹਨਾਂ ਪਹਿਲਾਂ ਯਮਨ ਅਤੇ ਅੰਤ ਉਤੇ, ਰਾਗ ਮਾਲ ਸਿਰੀ ਸਾ ਗਾ ਮਾ ਸਾ ਦੀਆਂ ਤਿੰਨ ਸੁਰਾਂ ਉਤੇ ਨਿਰਭਰ ਹੀ ਗੰਵਿਆ। ਮਿੱਠਾ, ਸੋਹਣਾ, ਦਿਲਚਸਪ ਤੇ ਕਲਾ ਦੀਆਂ ਸਾਰੀਆਂ ਖੂਬੀਆਂ ਰਖਦਾ ਇਹ ਗਾਇਨ ਲੰਮਾ ਚਿਰ ਚਲਿਆ। ਸਤਿਗੁਰੂ ਜੀ ਮਿਸ਼ਰਾ ਬੰਧੂਆਂ ਦੀ ਕਲਾ ਪਰਦਰਸ਼ਨੀ ਤੋਂ ਬਹੁਤ ਹੀ ਸੰਤੁਸ਼ਟ ਹੋਏ।

ਇਸ ਮੌਕੇ ਅੰਮ੍ਰਿਤਸਰ ਦਾ ਇਕ ਕਪੜਾ-ਵਪਾਰੀ, ਜਿਸ ਦਾ ਸਾਂਢੂ ਸ਼੍ਰੀ ਸ਼ਿਵ ਦੱਤ ਬੀ. ਐਸ. ਐਫ. ਦਾ ਸੁਪਰਡੈਂਟ ਹੈ, ਸਤਿਗੁਰੂ ਜੀ ਪਾਸ ਆਇਆ। ਆਪ ਜੀ ਦਾ ਸੰਗੀਤ ਸ਼ੌਕ ਵੇਖ ਬੇਨਤੀ ਕੀਤੀ ਕਿ ਕਦੇ ਉਹਦੇ ਪਾਸੋਂ ਵੀ ਸ਼ਬਦ ਸੁਣਨ ਦੀ ਕ੍ਰਿਪਾ ਕੀਤੀ ਜਾਵੇ। ਅਜ ਕਲ ਪੰਜਾਬ ਵਿਚੋਂ ਸ਼ਾਸਤਰੀ ਸੰਗੀਤ ਵਿਚ ਸ਼ਬਦ ਗਾਇਨ ਦੀ ਕਲਾ ਖ਼ਤਮ ਹੋ ਰਹੀ ਹੈ। ਸਤਿਗੁਰੂ ਜੀ ਨੇ ਆਪਣੇ ਸੇਵਕਾਂ ਦੁਆਰਾ ਉਹਦਾ ਪਤਾ ਤੇ ਫੋਨ ਨੋਟ ਕਰਵਾਏ।

## ਕੋਠੀ ਵਿਚ ਫਿਰ

ਵਾਪਸੀ ਸਮੇਂ ਆਪਣੇ ਨਾਲ ਹੀ ਸ੍ਰੀ ਰਾਜਨ-ਸਾਜਨ ਨੂੰ ਕੋਠੀ ਲੈ ਆਂਦਾ ਗਿਆ। ਅਤੇ ਆਪਣੇ ਛੋਟੇ ਬੱਚਿਆਂ—ਬਲਜੀਤ, ਸੁਖਦੇਵ, ਮੋਹਣ ਤੇ ਸੁਖਵਿੰਦਰ, ਤੋਂ 'ਹਰਿ ਹਰਿ ਨਾਮ ਨਿਧਾਨ ਹੈ' ਤੇ 'ਕਰੁਣਾ ਨਿਧਾਨ' ਸ਼ਬਦ ਸੁਣਵਾਏ। ਹੁਣ ਰਾਤ ਦੇ ੧੧ ਵਜ ਗਏ। ਤਾਂ ਵੀ ਇਕ ਛੋਟੇ ਜਿਹੇ ਬੱਚੇ ਸੁਰਿੰਦਰ, ਜੋ ਸੁਖਦੇਵ, ਸੁਖਵਿੰਦਰ ਹੁਰਾਂ ਦਾ ਛੋਟਾ ਭਾਈ ਹੈ ਉਸ ਦੀ ਕੈਸੇਟ ਕੀਤੀ ਰਿਪੋਰਟ ਸੁਣਵਾਈ ਕਿ ਇਹ ਕਿਵੇਂ ਨਾ ਜਾਣਦਾ ਹੋਇਆ ਵੀ ਕੁਝ ਗਉਂ ਰਿਹਾ ਹੈ।

ਸੰਤ ਮਹਿੰਦਰ ਸਿੰਘ ਬਾਲੀ ਨਗਰ ਨੂੰ ਆਗਿਆ ਹੋਈ : ਛੋਟੇ ਬੱਚਿਆਂ ਦਾ ਪ੍ਰਬੰਧ ਕਰੋ ਜਿਨ੍ਹਾਂ ਨੇ ਰਾਜਨ-ਸਾਜਨ ਤੋਂ ਸੰਗੀਤ ਸਿੱਖਿਆ ਲੈਣੀ ਹੈ।

ਅੰਤ ਉਤੇ ਸਤਿਗੁਰੂ ਜੀ ਨੇ ਆਪ ਪੌਣੀਆਂ ਪੰਦਰਾਂ ਦਾ ਸ਼ਬਦ 'ਭਾਗਿ ਮਨ ਹਰਿ ਬਿਮੁਖਨ ਕੋ ਸੰਗੁ' ਰਾਜਨ ਸਾਜਨ ਹੁਰਾਂ ਨੂੰ ਰਾਗ ਮਾਲ ਕੌਂਸ ਵਿਚ ਸੁਣਾਇਆ। 'ਇਹ ਮਾਤਰਾਂ ਤਾਂ ਬਹੁਤ ਮੁਸ਼ਕਲ ਹਨ।'

"ਨਹੀਂ", ਏਨੀਆਂ ਮੁਸ਼ਕਲ ਨਹੀਂ। ਅਭਿਆਸ ਨਾਲ ਸਭ ਕੁਝ ਆ ਜਾਂਦਾ ਏ"

ਕਰਦੇ ਕਰਾਂਦਿਆਂ ਰਾਤ ਦੇ ੧੨ ਵਜ ਗਏ। ਸਭ



Sri Satguru Jagjit Singh Ji Elibrary NamdhariElibrary@gmail com

ਨੂੰ ਘਰੀਂ ਜਾਣ ਦੀ ਆਗਿਆ ਹੋਈ। ਆਪ ਉਹ ਸਵੇਰੇ ੪ ਵਜੇ ਆਸਾ ਦੀ ਵਾਰ ਵਿਚ ਰਮੇਸ਼ ਨਗਰ ਦਰਸ਼ਨ ਦੇਣਗੇ।

## ੨੦ ਨਵੰਬਰ ੧੯੭੭ ਐਤਵਾਰ ਨਵੀਂ ਦਿੱਲੀ

### ਤਕਨੀਕ

ਆਸਾ ਦੀ ਵਾਰ ਰਮੇਸ਼ ਨਗਰ ਧਰਮਸਾਲਾ ਵਿਚ ਲੱਗੀ। ਸਤਿਗੁਰੂ ਜੀ ਸਮੇਂ ਸਿਰ ਵਾਰ ਵਿਚ ਪਧਾਰੇ। ਮੇਰਾ ਲੜਕਾ ਮਨਧੀਰ ਸਿੰਘ ਅਤੇ ਨੂੰਹ ਵਾਰ ਸੁਣਨ ਗਏ ਤਾਂ ਬੱਚੇ ਨਾਲ ਨੇੜਤਾ ਸਪਸ਼ਟ ਸਪਸ਼ਟ ਕਰਨ ਲਈ, ਨਿਤਨੇਮ ਕਰਦਿਆਂ ਇਸ਼ਾਰਾ ਕਰਕੇ, ਕਿਸੇ ਸਿੰਘ ਨੂੰ ਆਗਿਆ ਦੇ ਉਠਾਕੇ, ਆਪਣੇ, ਪਿੱਛੇ ਬਿਠਾਇਆ। ਦਿਨੇ ਮੇਰੇ ਨਾਲ ਬਚਨ ਕੀਤਾ: ਮਨਧੀਰ ਨਾਮਧਾਰੀ ਕਪੜਿਆਂ ਵਿਚ ਬੜਾ ਸਜਦਾ ਹੈ।

### ਵਿਸ਼ਵ ਸ਼ਾਕਾਹਾਰੀ ਸਮੇਲਨ

ਮਸਾਂ ਹੀ ੯.੩੦ ਵਜੇ ਤਕ ਸ੍ਰੀ ਸਤਿਗੁਰੂ ਜੀ ਵਿਗਿਆਨ ਭਵਨ ਪਹੁੰਚੇ ਜਿਥੇ ਵਰਲਡ ਵੈਜੀਟੇਰੀਅਨ ਕਾਂਗਰਸ ਦਾ ਸੈਸ਼ਨ ਹੋਣਾ ਸੀ, ਸਤਿਗੁਰੂ ਜੀ ਨੇ ਇਸ ਸਮਾਗਮ ਨੂੰ ਆਸ਼ੀਰਵਾਦ ਦੇਣੀ ਸੀ। ਦੂਜੀ ਗੱਡੀ ਵਿਚ ਹੋਰ ਦਰਸ਼ਕ ਵਿਗਿਆਨ ਭਵਨ ਪੁੱਜ ਗਏ।

ਜਾਂਦਿਆਂ ਨੂੰ ਸਮਾਗਮ ਦੀ ਪੂਰੀ ਤਿਆਰੀ ਸੀ। ਸ੍ਰੀ ਮਤੀ ਰੁਕਮਣੀ ਦੇਵੀ ਜੁ ਇਸ ਵਾਰ ਦੇਸ਼ ਦਾ ਰਾਸ਼ਟਰਪਤੀ ਬਣਨ ਲਈ ਵੀ ਦੋਜੋਂੜੇ ਉਤੇ ਆਈ ਸੀ ਅਤੇ ਜੁ ਜਵਾਨੀ ਵਿਚ ਵਧੀਆ ਨਰਤਕੀ ਵੀ ਰਹੀ ਹੈ, ਉਸ ਨੇ ਮੁਢਲੀ ਕਾਰਵਾਈ ਸ਼ੁਰੂ ਕੀਤੀ।

ਸ੍ਰੀ ਸਤਿਗੁਰੂ ਜੀ ਵਲੋਂ ਕੱਲ ਦਿੱਤੀ ਗਈ ਆਗਿਆ ਅਨੁਸਾਰ ਡੇਢ ਸੌ ਦੇ ਕਰੀਬ ਨਾਮਧਾਰੀ ਨਰ ਨਾਰ ਵੀ ਭਵਨ ਦੀਆਂ ਸੀਟਾਂ ਉਪਰ ਸ਼ੋਭ ਰਹੇ ਸਨ। ਲਾਲ ਕਾਲੀਨ ਤੇ ਹਲਕੇ ਰੰਗ ਦੇ ਹੋਰ ਫਰਨੀਚਰ ਵਿਚ ਸਫੇਦ ਕਪੜਿਆਂ ਵਾਲੇ ਨਾਮਧਾਰੀ ਕਲੀਆਂ ਵਾਂਗ ਚਟਕ ਰਹੇ ਸਨ। ਸਤਿਗੁਰੂ ਜੀ ਪ੍ਰੀਜ਼ੀਡੀਅਮ ਲਈ ਨਿਸਚਿਤ ਕੁਰਸੀਆਂ ਵਿਚੋਂ ਇਕ ਤੇ ਵਿਰਾਜੇ। ਆਪ ਜੀ ਨਾਲ ਪਹਿਲਾਂ ਤਾਂ ਦਿੱਲੀ ਦੇ ਐਗਜ਼ੈਕਟਿਵ ਕੌਂਸਲਰ ਸ੍ਰੀ ਕੇਦਾਰ ਨਾਥ ਸਾਹਨੀ ਬੈਠੇ। ਆਪਣੇ ਉਦਘਾਟਨੀ ਭਾਸ਼ਣ ਬਾਅਦ ਚਲੇ ਗਏ ਤਾਂ ਸਫੇਦ ਕਪੜਿਆਂ ਵਿਚ ਫਬਦਾ ਥਾਈਲੈਂਡ ਦੇ ਡੈਲੀਗੇਸ਼ਨ ਦਾ ਮੁਖੀ ਆ ਬੈਠਾ।

ਇਸ ਕਾਂਗਰਸ ਵਿਚ ੫੦ ਮੁਲਕਾਂ ਦੇ ਡੈਲੀਗੇਟ ਹਾਜ਼ਰ ਸਨ। ਥਾਈ ਤੇ ਜਪਾਨੀ ਡੈਲੀਗੇਸ਼ਨ ਸਭ ਤੋਂ ਵੱਡੇ ਸਨ। ਥਾਈ ਡੈਲੀਗੇਸ਼ਨ ਤਾਂ ਆਇਆ ਹੀ ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਨਾਲ ਸੀ। ਇਸ ਦਾ ਜ਼ਿਕਰ ਕਾਂਗਰਸ ਦੇ ਪ੍ਰੈਜ਼ੀਡੈਂਟ ਸ੍ਰੀ ਗਾਰਡਨ ਲਾਟੋ ਨੇ, ਸ੍ਰੀ ਮਤੀ ਰੁਕਮਣੀ ਦੇਵੀ ਅਤੇ ਥਾਈ ਡੈਲੀਗੇਸ਼ਨ ਦੇ ਮੁਖੀ ਨੇ ਵੀ ਕੀਤਾ।

ਸ੍ਰੀ ਸਤਿਗੁਰੂ ਜੀ ਨੇ ਆਪਣਾ ਆਸ਼ੀਰਵਾਦ ਪੰਜਾਬੀ ਵਿਚ ਦਿੱਤਾ। ਕਾਂਗਰਸ ਦੀ ਸਫਲਤਾ ਦੀ ਕਾਮਨਾ ਕਰਦਿਆਂ ਅੰਤ ਉਤੇ ਵਿਸ਼ੇਸ਼ ਕਰ ਆਖਿਆ: ਜੇ ਸਾਡੇ ਦੇਸ਼ ਦੇ ਰਾਸ਼ਟਰਪਤੀ ਰੁਕਮਣੀ ਦੇਵੀ ਜੀ ਬਣ ਸਕਦੇ ਤਾਂ ਕਿੰਨਾ ਚੰਗਾ ਹੁੰਦਾ, ਦੇਸ਼ ਦਾ ਸਰਵਮੁਖੀ ਇਕ ਸ਼ਾਕਾਹਾਰੀ ਹੁੰਦਾ।

ਸ੍ਰੀ ਸਤਿਗੁਰੂ ਜੀ ੧੧.੩੦ ਤਕ ਵਿਗਿਆਨ ਭਵਨ ਵਿਚ ਹੀ ਰਹੇ। ਆਰੰਭਕ ਸੈਸ਼ਨ ਸਮਾਪਤ ਹੋਇਆ ਤਾਂ ਪ੍ਰਬੰਧਕਾਂ ਨੇ ਸ੍ਰੀ ਸਤਿਗੁਰੂ ਜੀ ਪ੍ਰਤੀ ਹਾਰਦਿਕ ਕ੍ਰਿਤਗਿਤਾ ਪ੍ਰਗਟ ਕੀਤੀ। ਧੰਨਵਾਦ ਕਰਦਿਆਂ ਕਿਹਾ: ਸਤਿਗੁਰੂ ਜੀ ਸਾਡੇ ਸੰਗਰਾਮ ਵਿਚ ਪੂਰੇ ਭਾਈਵਾਲ ਤੇ ਹਰ ਤਰ੍ਹਾਂ ਮਦਦ ਗਾਰ ਰਹਿੰਦੇ ਹਨ।

### ਆਸ਼ੀਰਵਾਦ

ਸਤਿਗੁਰੂ ਜੀ ਨੇ ਆਪਣੇ ਆਸ਼ੀਰਵਾਦ ਵਿਚ ਫਰਮਾਇਆ: (ਸੰਖੇਪ) "ਜੇ ਮਨੁਖ ਮਾਂਸਾਹਾਰ ਛੱਡ ਕੇ ਦੈਵੀ ਗੁਣ ਧਾਰਨ ਕਰ ਲਵੇ ਤਾਂ ਜੀਵ ਮਾਤਰ ਦੇ ਭਲੇ ਦੀ ਇੱਛਾ ਦੁਨੀਆਂ ਭਰ ਦੇ ਕਲਹ ਕਲੇਸ਼ ਤੇ ਜੰਗਾਂ ਨੂੰ ਖ਼ਤਮ ਕਰ ਸਕਦੀ ਹੈ। ਸਾਡੇ ਸਤਿਗੁਰੂ ਸ਼ਾਕਾਹਾਰ ਦੇ ਮੁਦਈ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੫੭ (ਈ:) ਦੇ ਵਿਸ਼ਵ ਸ਼ਾਕਾਹਾਰੀ ਸਮਾਗਮ ਵਿਚ ਸਰਗਰਮ ਭਾਗ ਪਾਇਆ ਸੀ। ਵਿਦੇਸ਼ੀ ਪ੍ਰਾਹੁਣਿਆਂ ਨੂੰ ਦੁਪਹਿਰ ਦਾ ਖਾਣਾ ਦਿੱਤਾ। ੧੯੬੭ ਵਿਚ ਵੀ ਨਾਮਧਾਰੀਆਂ ਨੇ ਆਪਣੀ ਸ਼ਕਤੀ ਤੇ ਧਨ ਸ਼ਾਕਾਹਾਰੀ ਸਮੇਲਨ ਦੀ ਸਫਲਤਾ ਲਈ ਉਦਾਰਤਾ ਨਾਲ ਵਰਤਿਆ। ਭਾਰਤ ਨੂੰ ਇਸ ਗੱਲ ਦਾ ਮਾਣ ਹੈ ਕਿ ਹਰ ਦਸਾਂ ਸਾਲਾਂ ਪਿਛੋਂ ਵਿਸ਼ਵ ਸ਼ਾਕਾਹਾਰੀ ਸਮੇਲਨ ਏਥੇ ਹੁੰਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਮੇਲਨ ਦੇ ਮਨੋਰਥ ਵਿਚ ਸਫਲਤਾ ਬਖ਼ਸ਼ਣ।"

ਉਦਘਾਟਨੀ ਸਮਾਗਮ ਦੀ ਸਮਾਪਤੀ ਪਿਛੋਂ ਸਤਿਗੁਰੂ ਜੀ ਵੱਖ ਵੱਖ ਡੈਲੀਗੇਸ਼ਨਾਂ ਦੇ ਜਾਣੂ ਮੈਂਬਰਾਂ ਨੂੰ ਮਿਲੇ। ਵਰਲਡ ਵੈਜੀਟੇਰੀਅਨ ਕਾਂਗਰਸ ਦੇ ਪ੍ਰਧਾਨ ਗਾਰਡਨ ਲਾਟੋ ਦੀ ਪਤਨੀ ਸ੍ਰੀ ਮਤੀ ਲਾਟੋ ਬੜੇ ਚਿਰ



Sri Satguru Jagjit Singh Ji Elibrary NamdhariElibrary@gmail.com

ਤਕ ਆਪ ਨਾਲ ਅੰਗਰੇਜ਼ੀ ਵਿਚ ਵਾਰਤਾਲਾਪ ਕਰਦੀ ਰਹੀ। ਉਸ ਨੇ ਨਿੱਜੀ ਤੇ ਅ-ਨਿੱਜੀ ਗੱਲਾਂ ਤੋਂ ਬਾਅਦ ਇਹ ਵੀ ਕਿਹਾ ਕਿ ਏਥੇ ਆਏ ਸਾਰੇ ਨਾਮਧਾਰੀਆਂ ਦੇ ਚਿਹਰੇ ਬੜੇ ਆਕਰਸ਼ਕ ਤੇ ਨਰੋਏ ਹਨ।

ਸ੍ਰੀ ਸਤਿਗੁਰੂ ਆਪਦੀ ਕੰਨਿਆਂ ਬੀਬਾ ਜੀ ਨੂੰ ਸ੍ਰੀਮਤੀ ਲਾਟੋ ਨਾਲ ਮਿਲਾਣਾ ਚਾਹੁੰਦੇ ਸਨ ਪਰ ਸੇਵਕਾਂ ਦੀ ਅਸਾਵਧਾਨੀ ਨਾਲ ਐਸਾ ਕਰ ਨਾ ਸਕੇ।

ਸਵੀਡਨ ਦੇ ਇਕ ਡੇਲੀਗੇਟ ਨਾਲ ਵੀ ੧੦ ਮਿੰਟ ਗੱਲਬਾਤ ਹੋਈ। ਥਾਈਲੈਂਡ ਵਾਲਿਆਂ ਨੂੰ ਵਿਸ਼ੇਸ਼ ਕਰ ਮਿਲਣ ਗਏ। ਉਨ੍ਹਾਂ ਦੇ ਇਕ ਭਗਵੇ ਵਸਤਰਧਾਰੀ ਬੋਧੀ ਸੰਤ ਨੂੰ ਮਿਲਕੇ ਸਤਿਗੁਰਾਂ ਪ੍ਰਸ਼ੰਸਾ ਕੀਤੀ: ਬੜੇ ਭਲੇ ਲਗਦੇ ਹਨ ਤੁਹਾਡੇ ਵਸਤਰ ਪੁਰਾਤਨ ਪੁਸ਼ਾਕਾਂ ਵਾਲਿਆਂ ਵਿਚ। ਉਸ ਨੇ ਵੀ ਉੱਤਰ ਵਿਚ ਸਤਿਕਾਰ ਦਰਸਾਇਆ। ਮੌਕੇ ਉਤੇ ਸੇਠ ਤ੍ਰਿਲੋਕ ਸਿੰਘ ਜੀ ਦਾ ਲੜਕਾ ਭੁਪਿੰਦਰ ਸਿੰਘ ਸੀ ਜਿਸਨੇ ਥਾਈ ਨੂੰ ਪੰਜਾਬੀ ਤੇ ਪੰਜਾਬੀ ਨੂੰ ਥਾਈ ਵਿਚ ਉਲਥਾ ਕੇ ਸਤਿਗੁਰੂ ਜੀ ਅਤੇ ਡੇਲੀਗੇਟਾਂ ਦੇ ਭਾਵ ਸਾਂਝੇ ਕੀਤੇ।

ਸਾਰੇ ਲੋਕਾਂ ਦਾ ਹੀ ਧਿਆਨ ਸਤਿਗੁਰੂ ਜੀ ਅਤੇ ਨਾਮਧਾਰੀ ਸਿੰਘਾਂ ਵਲ ਆਕਰਸ਼ਤ ਸੀ ਕਿਉਂਕਿ ਸਤਿਗੁਰੂ ਜਿਧਰ ਕਿਧਰ ਵੀ ਜਾਂਦੇ ੫-੭ ਭਰਵੇਂ ਜੁਆਨ ਆਪ ਦੀ ਸੇਵਾ ਵਿਚ ਹੁੰਦੇ। ਸਤਿਗੁਰੂ ਜੀ ਠਾਕੁਰ ਦਲੀਪ ਸਿੰਘ ਜੀ ਨੂੰ ਵੀ ਹਰ ਕਿਸੇ ਨਾਲ ਮਿਲਾਂਦੇ, ਠਾਕਰ ਉਦੇ ਸਿੰਘ ਜੀ ਨੂੰ ਵੀ ਨਾਲ ਰਖਦੇ ਅਤੇ ਦੱਸਦੇ ਕਿ ਇਹ ਮਹਾਰਾਜ ਬੀਰ ਸਿੰਘ ਜੀ ਦੇ ਸਪੁਤਰ ਹਨ ਅਤੇ ਮੇਰੇ ਭਤੀਜੇ।

### ਸ਼ਾਕਾਹਾਰੀ ਸਮੇਲਨ

ਸਤਿਗੁਰੂ ਜੀ ਤਾਂ ਡਾਇਸ ਉਤੇ ਆਪਣੀ ਸੀਟ ਤੇ ਬਿਰਾਜਮਾਨ ਸਨ ਪਰ ਪਿਛੇ ਛੋਟੀਆਂ ਕੁਰਸੀਆਂ ਤੇ ਮਹਾਰਾਜ ਬੀਰ ਸਿੰਘ ਜੀ, ਸ੍ਰੀ ਸਵਰਨ ਸਿੰਘ ਸਨੇਹੀ ਅਤੇ ਸ੍ਰੀ ਭੁਪਿੰਦਰ ਸਿੰਘ ਸੇਠ-ਸਪੁਤਰ ਬੈਠੇ ਸਤਿਗੁਰੂ ਜੀ ਨਾਲ ਆਪ ਦੀ ਆਗਿਆ ਲਈ ਸੰਪਰਕ ਰਖਦੇ। ਡਾਇਸ ਸਾਹਮਣੇ ਦੀਆਂ ਕੁਰਸੀਆਂ ਤੇ ਕੁਝ ਪ੍ਰਤੀਸ਼ਤ ਨਾਮਧਾਰੀ ਤੇ ਮਗਰਲੀਆਂ ਤੇ ਇਸ ਸਮੇਂ ਨਾਮਧਾਰੀਆਂ ਵਲੋਂ ਕਾਫ਼ੀ ਰੌਣਕ ਸੀ। ਹੋਰ ਦਰਸ਼ਕ ਤੇ ਸਰੋਤੇ ਵੀ ਹੈ ਸਨ।

ਡਾਇਸ ਤੇ, ਜਿਨ੍ਹਾਂ ਦੇ ਨਾਮ ਚੇਤੇ ਹਨ, ਇਹ ਸੱਜਣ ਸਨ: ਸਵਾਮੀ ਸਚਿੱਦਾ ਨੰਦ ਜੀ (ਅਮਰੀਕਾ)—(ਦੱਖਣ ਭਾਰਤੀ ਮੂਲ ਦੇ ਜਾਪੇ ਹਨ) ਥਾਈ ਡੇਲੀਗੇਸ਼ਨ ਦੇ ਮੁਖੀ ਡਾ: ਸੁਚਾਟ, ਸ੍ਰੀ ਕੇ.ਐਨ. ਸਾਹਨੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ, ਸ੍ਰੀ ਪਟਵਾਰੀ ਜੀ ਗਵਰਨਰ ਤਾਮਲਨਾਡੂ, ਸ੍ਰੀਮਤੀ ਰੁਕਮਣੀ ਦੇਵੀ, ਡਾ: ਗਾਰਡਨ ਲਾਟੋ, ਇਕ ਜਾਪਾਨੀ ਪ੍ਰਤੀਨਿਧੀ ਤੇ ਇਕ ਦੋ ਹੋਰ।

ਸ਼ਾਕਾਹਾਰੀ ਸਮਾਗਮ ਬਾਅਦ ਸਤਿਗੁਰੂ ਜੀ ਨੇ ਏ... ਆ ਇਸ਼ਨਾਨ ਆਦਿ ਕਰ ਪ੍ਰਸ਼ਾਦ ਛਕਿਆ ਤੇ ਆਰਾਮ ਕੀਤਾ।

### ਮਾ: ਚੰਦਾ ਸਿੰਘ ਨਮਿਤ

੪ ਵਜੇ ਬਾਅਦ ਦੁਪਹਿਰ ਰਮੇਸ਼ ਨਗਰ, ਨਾਮਧਾਰੀ ਧਰਮਸ਼ਾਲਾ ਵਿਚ ਸੰਤ ਸੁਖਦਰਸ਼ਨ ਸਿੰਘ ਦੇ ਪਿਤਾ ਮਾਸਟਰ ਚੰਦਾ ਸਿੰਘ ਜੀ ਨਮਿਤ ਸਧਾਰਨ ਪਾਠ ਦਾ ਭੋਗ ਪੈਣਾ ਸੀ। ਸ੍ਰੀ ਸਤਿਗੁਰੂ ਜੀ ਨੇ ਕਿਤੇ ਹੋਰ ਵੀ ਜਾਣਾ ਸੀ ਪਰ ... ਸੁਖਦਰਸ਼ਨ ਸਿੰਘ ਨੇ ਪ੍ਰੋਗਰਾਮ ਹਿੱਤ ਛਪੇ ਕਾਰਡਾਂ ਤੇ ਵ... ੪ ਦਾ ਦਿੱਤਾ ਹੋਇਆ ਸੀ। ਸਤਿਗੁਰੂ ਜੀ ਤਾਂ ਢਾਈ ... ਆ ਸਕਦੇ ਸਨ। ਸਿੱਖ ਨੇ ਸਤਿਗੁਰੂ ਜੀ ਦੀ ਰਚਾ ਪਰਵ... ਕੀਤੀ।

ਮੈਂ ੩ ਵਜੇ ਦੇ ਕਰੀਬ ਧਰਮਸ਼ਾਲਾ ਪਹੁੰਚਿਆ... ਸਾਰਾ ਵਿਸ਼ਾਲ ਹਾਲ ਸੰਗਤ ਨਾਲ ਭਰਪੂਰ ਸੀ। ਸੰਗ... ਹਾਲ ਤੋਂ ਬਾਹਰ ਖੁਲ੍ਹੀ ਥਾਂ ਤੇ ਵੀ ਕਾਫ਼ੀ ਇਕੱਤਰਤ ਸੀ... ਮੇਰੇ ਗਿਆਂ ਹਰਭਜਨ ਸਿੰਘ—ਗੁਰਦੇਵ ਸਿੰਘ ਕੀਰਤਨ ਕ... ਹਟੇ ਸਨ ਤੇ ਭੋਗ ਦੇ ਸ਼ਲੋਕ ਪੜ੍ਹੇ ਜਾ ਰਹੇ ਸਨ। ਸਤਿਗੁਰੂ ਜੀ ਪਾਸ ਇਸ ਸਮੇਂ ਸੇਠ ਤ੍ਰਿਲੋਕ ਸਿੰਘ, ਸ: ਹਰਵਿੰ... ਸਿੰਘ ਹੰਸਪਾਲ, ਡਾ: ਅਮਰ ਭਾਰਤੀ, ਸ੍ਰੀ ਗੁਰਭਜਨ ਸਿ... ਅਤੇ ਮਾਸਟਰ ਨਿਹਾਲ ਸਿੰਘ ਜੀ ਬੈਠੇ ਹੋਏ ਸਨ।

ਸੰਤ ਅਮਰ ਸਿੰਘ ਨਿਰਮਾਣ ਦੇ ਸਪੁਤਰ ਸ੍ਰੀ ਅਵਤਾਰ ਸਿੰਘ ਨੇ ਸ੍ਰੀ ਹਜ਼ੂਰ ਨੂੰ ਮੱਥਾ ਟੇਕਿਆ ਤਾਂ ਸਤਿਗੁਰੂ ਜੀ ... ਡਾ: ਭਾਰਤੀ ਤੇ ਮੈਨੂੰ ਦਸਿਆ: ਸਤਿਗੁਰੂ ਦੀ ਕ੍ਰਿਪਾ ਨਾ... ਅਮਰ ਸਿੰਘ ਤੇ ਅਵਤਾਰ ਸਿੰਘ ਕਾਫ਼ੀ ਫ਼ਾਸਲਾ ਤੇ ... ਆਏ ਹਨ। ਨਜ਼ਦੀਕ ਨਜ਼ਦੀਕ ਹੁੰਦੇ ਜਾ ਰਹੇ ਹਨ...ਇ... ਸਮੇਂ ਮਹਾਰਾਜ ਨਿਹਾਲ ਸਿੰਘ ਜੀ ਦੇ ਜੇਠੇ ਸਪੁਤਰ ਠਾਕੁ... ਸ਼ਮਸ਼ੇਰ ਸਿੰਘ ਵੀ ਬੰਬਈਓਂ ਆ ਪਹੁੰਚੇ। ਸਤਿਗੁਰੂ ਜੀ ... ਵਿਸ਼ੇਸ਼ ਪਿਆਰ ਸਤਿਕਾਰ ਨਾਲ ਕੋਲ ਬੈਠਾਇਆ। ਜ... ਕੋਠੀ ਲਈ ਵਾਪਸੀ ਕਰਨ ਲਗੇ ਤਾਂ ਠਾਕਰ ਸ਼ਮਸ਼ੇਰ ਸਿ... ਜੀ ਨਾਲ ਮੈਨੂੰ ਵੀ ਗੱਡੀ ਵਿਚ ਬੈਠਾ ਲਿਆ। ਜਾਂਦੇ-ਜਾਂ... ਮੈਂ ਨੋਟ ਕੀਤਾ ਕਿ ਠਾਕਰ ਜੀ ਨਾਲ ਸਤਿਗੁਰੂ ਜੀ ... ਵਧੇਰੇ ਆਤਮੀਅਤਾ ਹੈ।



Sri Satguru Jagjit Singh Ji Elibrary NamdhariElibrary@gmail.com

## ਵਿਗਿਆਨ ਭਵਨ ਵਿਚ

ਕੋਠੀ ਆ ਕੇ ੫ ਵਜੇ ਸਤਿਗੁਰੂ ਜੀ ਜਪਾਨੀ ਡੈਲੀਗੇਸ਼ਨ ਦੀ ਮੀਟਿੰਗ ਸੁਣਨ ਲਈ ਵਿਗਿਆਨ ਭਵਨ ਪਧਾਰੇ। ਉਥੇ ਆਪ ਨੇ ਜਾਪਾਨੀ ਡੈਲੀਗੇਟਾਂ ਬਾਰੇ ਵਾਕਫ਼ੀ ਲਈ ਤੇ ਉਹਨਾਂ ਦੀ ਉਸ ਖੋਜ ਨੂੰ ਵੀ ਧਿਆਨ ਪੂਰਵਕ ਸੁਣਿਆ ਜੁ ਉਨ੍ਹਾਂ ਦੀ ਖਾਣ ਖ਼ੁਰਾਕ ਦੀ ਸ਼ੁਧਤਾ ਬਾਰੇ ਸੀ। ਬਾਤਚੀਤ ਵਿਚ ਅਨਵਾਦਕ ਵਿਚੋਲਗਿਰੀ ਇਕ ਲੜਕੀ ਕਰ ਰਹੀ ਸੀ। ਜਾਪਾਨੀਆਂ ਨੇ ਆਪਣੇ ਖਾਣੇ ਅਤੇ ਸੂਪ ਵਗ਼ੈਰਾ ਬਣਾ ਕੇ ਉਹਨਾਂ ਦੇ ਲਾਭ ਵੀ ਦੱਸੇ। ਮਹਾਰਾਜ ਬੀਰ ਸਿੰਘ, ਇਹਨਾਂ ਦੇ ਦੋਵੇਂ ਸਾਹਿਬਜ਼ਾਦੇ ਤੇ ਹੋਰ ਨਾਮਧਾਰੀ ਵੀ ਮੌਕੇ ਤੇ ਮੌਜੂਦ ਸਨ।

ਛੋਟੇ ਠਾਕਰ ਮੈਨੂੰ ਹੱਸ ਕੇ ਕਹਿਣ ਲੱਗੇ : ਤੁਸੀਂ ਭੀ ਜਾ ਕੇ ਕੁਛ ਖਾ ਪੀ ਲਓ, ਸਾਨੂੰ ਆਣ ਕੇ ਸੁਆਦ ਦੱਸੋ, ਮੈਂ ਕੇਲੇ ਦਾ ਤੇ ਕੋਕੋ ਦਾ ਰਸ ਪੀ ਕੇ ਅਤੇ ਚਾਵਲ ਆਦਿ ਖਾ ਕੇ ਵੇਖੇ, ਸੁਆਦ ਲਗੇ। ਉਹਨਾਂ ਇਕ ਡਿਸ਼ ਸਮੁੰਦਰੀ ਬਨਸਪਤੀ ਨਾਲ ਵੀ ਤਿਆਰ ਕੀਤੀ ਹੋਈ ਸੀ। ਇਹ ਵੀ ਗੁਣਕਾਰੀ ਸੀ। ਅਸੀਂ ੬ ਵਜੇ ਏਥੋਂ ਪਰਤੇ।

## ਆਜ਼ਾਦ ਭਵਨ ਵਿਚ

. ਰਾਤ ਨੂੰ ੭.੩੦ ਵਜੇ ਆਜ਼ਾਦ ਭਵਨ ਵਿਚ ਭਾਸਤਰੀ ਸੰਗੀਤ ਦਾ ਪ੍ਰੋਗਰਾਮ ਸੀ। ਸਤਿਗੁਰੂ ਜੀ, ਡਾ: ਅਮਰ ਭਾਰਤੀ, ਪ੍ਰੀਤਮ ਸਿੰਘ ਕਵੀ, ਸੰਤ ਮਹਿੰਦਰ ਸਿੰਘ ਪੂਰਬਾ, ਗੁਰਦੇਵ ਸਿੰਘ ਸਰੋਦ, ਸੰਤ ਰਘੁਬੀਰ ਸਿੰਘ ਦੁਆਰਾ ਚਲਾਈ ਕਾਰ ਤੇ ਆਜ਼ਾਦ ਭਵਨ ਪੁੱਜੇ। ਅਗੇ ਮੰਚ ਉਤੇ ਸ੍ਰੀ ਅਲਾਉਦੀਨ ਇਸਰਾਜ ਤੇ ਅਤੇ ਸ੍ਰੀ ਚਾਂਦ ਰਾਮ ਸਿਤਾਰ ਤੇ ਡਿਊਟ ਪੇਸ਼ ਕਰਨ ਬੈਠੇ ਹੋਏ ਸਨ। ਤਬਲੇ ਦੀ ਸੰਗਤ ਫੈਆਜ਼ ਖਾਨ ਵਲੋਂ ਸੀ। ਇਸਰਾਜ ਵਾਲਾ ਬੜਾ ਚੜ੍ਹ ਕੇ ਵਜਾ ਰਿਹਾ ਸੀ ਆਵਾਜ਼ ਮਿੱਠੀ ਫ਼ਿਰ ਤੇਜ਼ ਭੋ ਤੇਜ਼ ਤਰ ਰਹੀ। ਸਿਤਾਰ ਵਾਲਾ ਬਹੁਤ ਔਂਢਾ ਸੀ। ਦੋਵੇਂ ਪ੍ਰਸੰਨ ਮੁੱਦਰਾ ਵਿਚ ਸਨ। ਕਲਾਕਾਰ ਰਾਗ ਰਾਗੇਸ਼ਵਰੀ ਨੂੰ ਤਿੰਨ ਤਾਲ ਵਿਚ ਪੇਸ਼ ਕਰ ਰਹੇ ਸਨ।

ਸ੍ਰੀ ਸਤਿਗੁਰੂ ਜੀ ਮੂਹਰਲੀਆਂ ਕੁਰਸੀਆਂ ਚੋਂ ਇਕ ਤੇ ਬੈਠੇ। ਸਾਨੂੰ ਵੀ ਆਪ ਜੀ ਨਾਲ ਅਗੇ ਬੈਠਣ ਦਾ ਮੌਕਾ ਮਿਲਿਆ। ਸਤਿਗੁਰੂ ਜੀ 'ਇਸਰਾਜੀਏ' ਤੇ ਬੜੇ ਪ੍ਰਸੰਨ ਸਨ। ਸਤਿਗੁਰੂ ਜੀ ਫ਼ਰਮਾਇਆ : ਸਿਤਾਰ ਵਾਲਾ ਵੀ ਔਂਢਾ ਹੈ, ਪਰ ਇਸਰਾਜੀਆ ਇਸ ਕਰਕੇ ਵੀ ਪ੍ਰਸੰਸਾ ਦਾ ਹਕਦਾਰ ਹੈ ਕਿ ਇਸ ਦੇ ਵਜੰਤਰੀ ਬੜੇ ਘੱਟ ਹਨ। ਦੱਸਿਆ ਗਿਆ ਕਿ ਸ੍ਰੀ ਅਲਾਉਦੀਨ ਦੁਨੀਆਂ ਘੁੰਮ ਕੇ ਆਇਆ ਹੈ। ਇਹ ਦੋਵੇਂ ਕਲਾਕਾਰ ਜਵਾਨੀ ਦੇ ਮੁੱਢਲੇ ਦਿਨਾਂ ਵਿਚ ਹੀ ਹਨ। ਇਹਨਾਂ ਚੋਂ ਵਡੀਆਂ ਉਮੀਦਾਂ ਰਖੀਆਂ ਜਾ ਸਕਦੀ-ਆਂ ਹਨ।

ਡਿਊਟ ਸਮਾਪਤੀ ਤੇ ਸ੍ਰੀ ਗੁਰਦੇਵ ਸਿੰਘ ਸਰੋਦ ਦੁਆਰਾ ਸ੍ਰੀ ਅਲਾਉਦੀਨ ਦੀ ਸਤਿਗੁਰੂ ਜੀ ਨੇ ਸਿਫ਼ਤ ਸਲਾਹੁਤਾ ਕੀਤੀ, ਅਸ਼ੀਰਵਾਦ ਦਿਤੀ ਤੇ ਆਖਿਆ : ਜਦੋਂ ਬਹੁਤ ਵਿਰਲੇ ਇਸਰਾਜੀਏ ਮਿਲ ਰਹੇ ਹਨ ਤੇਰੇ ਕੰਮ ਦੀ ਕਦਰ ਕਰਨੀ ਹੀ ਬਣਦੀ ਹੈ।

ਸਤਿਗੁਰੂ ਜੀ ਇਹ ਸਾਜ ਸੁਣਨ ਉਚੇਚ ਨਾਲ ਗਏ ਸਨ। ਇਹ ਇਕ ਤੂੰਬੀ ਦੇ ਵਾਧੇ ਨਾਲ ਦਿਲਰੁਬਾ ਵਰਗਾ ਹੀ ਹੁੰਦਾ ਹੈ ਅਤੇ ਸਤਿਗੁਰੂ ਜੀ ਆਪ ਦਿਲਰੁਬਾ ਦੇ ਧੁਰੰਧਰ ਵਜੰਤਰੀ ਹਨ। ਅਲਾਉਦੀਨ ਨੇ ਇਸਰਾਜ ਨੂੰ ਭਰਪੂਰ ਯੋਗਤਾ ਨਾਲ ਵਜਾਇਆ ਸੀ। ਭਾਵੇਂ ਵੱਖ ਵੱਖ ਸਵੱਰ ਰਚਨਾਵਾਂ ਦੀ ਭਰਮਾਰ ਨਹੀਂ ਸੀ ਪਰ ਜੋ ਕੁਝ ਇਸ ਉਮਰ ਵਿਚ ਇਸ ਕੋਲ ਸੀ ਉਹ ਕਾਫ਼ੀ ਸੀ।

ਇਹਨਾਂ ਤੋਂ ਪਿਛੋਂ ਮੰਚ ਉਤੇ ਗਾਉਣ ਵਾਲੇ ਆਏ ਮਸ਼ਕੂਰ ਅਲੀ ਤੇ ਮੁਬਾਰਕ ਅਲੀ। ਇਹਨਾਂ ਪੂਰੀਆ ਵਿਚ ਇਕ ਖਿਆਲ ਸੁਣਾਇਆ ਫਿਰ ਬਿਹਾਗ ਦੀ ਇਕ ਰਚਨਾ। ੨੨ ਅਤੇ ੧੯ ਕੁ ਸਾਲਾਂ ਦੇ ਬੱਚੇ ਲਗਦੇ ਸਨ ਵੱਡੇ ਨੇ ਆਲਾਪ ਤੇ ਇਰਾਦੇ ਬੜੀ ਦਖਬਤਾ ਨਾਲ ਪੇਸ਼ ਕੀਤੇ। ਸੁਰਾਂ ਤਾਂ ਜ਼ਰਾ ਘਟ ਘਟ ਕੇ ਲਗਈਆਂ ਸਨ। ਆਸ ਕੀਤੀ ਜਾ ਸਕਦੀ ਹੈ ਅਗਲੇ ਸਾਲਾਂ ਵਿਚ ਇਹ ਜੋੜੀ ਵਧੀਆ ਗਵਈਆਂ ਵਿਚ ਪੈਰ ਰਖ ਸਕੇਗੀ।

ਅਸੀਂ ਕੁਝ ਸਮਾਂ ਹਾਲ ਤੋਂ ਬਾਹਰ ਗਏ। ਵਾਪਸੀ ਤੇ ਵੇਖਿਆ ਕਿ ਪੰਡਿਤ ਰਾਮ ਨਾਰਾਇਣ ਸਾਰੰਗੀ ਉਤੇ ਰਾਗ ਸਰਸਵਤੀ ਵਜਾ ਰਹੇ ਹਨ ਤੇ ਦ੍ਰਤ ਲੈਅ ਤੇ ਸਵਾਰੀ ਕੀਤੀ ਹੋਈ ਹੈ। ਬਾਅਦ ਵਿਚ ਮਿਸਰ ਭੈਰਵੀ ਵਜਾਈ। ਪੰਡਿਤ ਜੀ ਦਾ ਭਰਕਮ ਸਰੀਰ, ਵਿਸ਼ਾਲ ਚਿਹਰਾ ਖੁਲ੍ਹਾ ਵਾਤ, ਬਹੁਤ ਤੇਜ਼ ਵਜੰਤ। ਪ੍ਰਤੀਤ ਹੁੰਦਾ ਸੀ ਜਿਵੇਂ ਸਾਰੰਗੀ ਸਮੇਤ ਤਬਲਾਵਾਦਕ ਨਾਲ ਜੰਗ ਵਿਚ ਉਤਰੇ ਹੋਣ। ਪੰਡਿਤ ਦੀ ਸਾਰੰਗੀ ਵਾਦਕਾਂ ਦੀ ਸਿਖਰ ਹਨ। ਸਤਿਗੁਰੂ ਜੀ ਨੇ ਇਹਨਾਂ ਪਾਸ ਦਿੱਲੀ ਦੇ ਸੰਤ ਪਿਆਰਾ ਸਿੰਘ ਰਮੇਸ਼ ਨਗਰ ਦਾ ਲੜਕਾ ਸੁਰਜੀਤ ਸਿੰਘ ਸ਼ਾਗਿਰਦੀ ਲਈ ਭੇਜਿਆ ਹੋਇਆ ਹੈ।

ਸਤਿਗੁਰੂ ਜੀ ਦੇ ਬਚਨਾਂ ਤੋਂ ਪਤਾ ਲੱਗਾ ਕਿ



Sri Satguru Jagjit Singh Ji Elibrary NamdhariElibrary@gmail.com

ਡਾਲਟਨ ਗੰਜ (ਬਿਹਾਰ) ਵਿਖੇ ਵੀ ਇਕ ਸੰਗੀਤ ਸਕੂਲ ਜਾਰੀ ਹੈ। ਉਥੇ ਇਕ ਉਤਮ ਹਰਮੋਨੀਅਮ ਵਜੰਤਰੀ ਹੈ।

### ੨੧ ਨਵੰਬਰ ੧੯੭੭ ਸੋਮਵਾਰ
### ਨਵੀਂ ਦਿੱਲੀ

ਅੱਜ ਆਸਾ ਦੀ ਵਾਰ ਸਹਿਬਾਬਾਦ (ਯੂ.ਪੀ. ਬਾਰੰਡਰ ਦੇ ਨਜ਼ਦੀਕ) ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲਗੀ।

#### ਸ਼ਿਵਾ ਜੀ ਸਟੇਡੀਅਮ

੧੦ ਵਜੇ ਦੇ ਕਰੀਬ ਸੰਤ ਤੀਰਥ ਸਿੰਘ ਹੰਸਪਾਲ, ਸ੍ਰ: ਹਰਵਿੰਦਰ ਸਿੰਘ ਅਤੇ ਮੈਂ ਕੋਠੀ ਪੂਸਾ ਰੋਡ ਪਹੁੰਚੇ ਅਤੇ ੧੨ ਵਜੇ ਤਕ ਸ਼ਿਵਾ ਜੀ ਸਟੇਡੀਅਮ ਵਿਖੇ ਗਏ ਜਿਥੇ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦਾ ਹਾਕੀ ਮੁਕਾਬਲਾ ਨਾਰਦਰਨ ਰੇਲਵੇ ਨਾਲ ਸੀ। ਸ੍ਰੀ ਸਤਿਗੁਰੂ ਜੀ ਵੀ ਹੋਰ ਕਈ ਸਿੰਘਾਂ ਨਾਲ ਮੌਕੇ ਤੇ ਉਪਸਥਿਤ ਸਨ। ਹਾਕੀ ਖਿਡਾਰੀਆਂ ਨਾਲ ਇਕ ਫੋਟੋ ਖਿੱਚਣ ਦੀ ਪ੍ਰਾਰਥਨਾ ਆਈ ਸੀ ਸਤਿਗੁਰੂ ਜੀ ਨੇ ਹਾਫ਼ ਟਾਈਮ ਵਿਚ ਖਿਡਾਰੀਆਂ ਵਿਚ ਖਲੋ ਉਨ੍ਹਾਂ ਦੀਆਂ ਖੁਸ਼ੀਆਂ ਲਈਆਂ। ਫੋਟੋਕਾਰ ਹੰਸਪਾਲ ਸੀ।

#### ਸੰਤ ਲਾਭ ਸਿੰਘ ਦੇ ਘਰ

ਏਥੇ ਪਹੁੰਚਣ ਤੋਂ ਪਹਿਲੋਂ ਸਤਿਗੁਰੂ ਜੀ ਅਪਣੇ ਸਕੱਤਰ ਸ੍ਰੀ ਤਰਸੇਮ ਸਿੰਘ ਸਪੁਤਰ ਸ੍ਰ: ਪੂਰਨ ਸਿੰਘ ਪਾਸਲਾ (ਜਲੰਧਰ) ਦੀ ਕੌਲ ਤੋਂ ਕੀਤੀ ਜਾ ਰਹੀ ਅਤੇ ਦੋ ਵਾਰ ਜਤਨ ਕਰਨ ਦੇ ਬਾਵਜੂਦ ਅਪੂਰਨ ਰਹੀ ਬੇਨਤੀ ਨੂੰ ਪਰਵਾਨ ਚਾੜ੍ਹਨ ਲਈ ਉਸਦੇ ਸਹੁਰੇ ਘਰ, ਕਰੋਲ ਬਾਗ, ਵਿਖੇ ਪਧਾਰੇ। ਸੰਤ ਲਾਭ ਸਿੰਘ ਹੈਦਰਾਬਾਦ ਦੀ ਪੁੱਤਰੀ ਨੇ ਸਿਆਮੋਂ ਆਣ ਕੇ ਬਹੁਤ ਸਾਰੀਆਂ ਉੱਨ ਦੀਆਂ ਅਠੋਤਰੀ ਮਾਲਾ ਬਣਾਈਆਂ ਸਨ ਤੇ ਉਹਦੀ ਰੀਝ ਸੀ ਕਿ ਇਹ ਮਾਲਾ ਵਿਆਹੇ ਜਾਣ ਉਪਰੰਤ ਸ੍ਰੀ ਸਤਿਗੁਰੂ ਜੀ ਨੂੰ ਆਪਣੇ ਘਰ ਚਰਨ ਪੁਆਕੇ ਭੇਟ ਕਰੇਗੀ। ਹੁਣ ਜਦੋਂ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ ਹਨ ਤਾਂ ਗੁਰੂ ਚਰਨਾਂ ਵਿਚ ਮਾਲਾਵਾਂ ਭੇਟ ਕਰਕੇ ਮਨ ਸੁਖੀ ਕਰ ਰਹੀ ਹੈ।

ਘਰ ਵਾਲਿਆਂ (ਮੌਕੇ ਤੇ ਇਕ ਮਾਂ, ਇਕ ਭੈਣ ਤੇ ਦੋ ਭਰਾ) ਸਤਿਗੁਰੂ ਜੀ ਦੀ ਸੇਵਾ ਵਿਚ ਇਕ ਟੋਕਰਾ ਫਲ ਅਤੇ ਕਾਫ਼ੀ ਰਕਮ ਰਖ ਕੇ ਮੱਥਾ ਟੇਕਿਆ। ਸਤਿਗੁਰੂ ਜੀ ਨੇ ਬਾਦਾਮਾਂ 'ਚੋਂ ਕੁਛ ਵਖ ਕਰਵਾ ਕੇ ਆਪਣੇ ਸੇਵਕ ਸੰਤ ਮਹਿੰਦਰ ਸਿੰਘ ਪੁਰਵਾ ਨੂੰ ਆਦੇਸ਼ ਕੀਤਾ : ਇਹ ਮੋਨਧੀਰ ਸਿੰਘ (ਸੰਧੂ) ਨੂੰ ਪੁਚਾਣੇ ਹਨ।

ਇਹ ਸਤਿਗੁਰੂ ਜੀ ਦਾ ਨੌਜਵਾਨਾਂ ਨੂੰ ਪਿਆਰ ਕਮੰਦੀ ਪਾਣ ਦਾ ਤਰੀਕਾ ਹੈ। ਉਹ ਕੱਲ ਸਮੇਤ ਪਤਨੀ ਨਾਮਧਾਰੀ ਵਸਤਰਾਂ ਵਿਚ ਆਸਾ ਦੀ ਵਾਰ ਸੁਣਨ ਗਿਆ ਸੀ। ਉਸਨੂੰ ਚੇਤੇ ਰਖਿਆ ਹੈ।

#### ਸ਼ਿਵਾ ਜੀ ਸਟੇਡੀਅਮ

ਮੈਚ ਤੇ ਜਾਣ ਲੱਗਿਆਂ ਜਦੋਂ ਮਹਾਰਾਜ ਬੀਰ ਸਿੰਘ ਜੀ ਕਿਤੋਂ ਆ ਕੇ ਚਰਨੀ ਲਗੇ ਤਾਂ ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਦੁਆਰਾ ਇਕ ਸਨੇਹਾ ਭੇਜਿਆ : ਗੁੱਡੀ (ਬੀਬੀ ਸਾਹਿਬ ਕੌਰ) ਕਹਿੰਦੀ ਸੀ, ਤੇ ਨਾਲ ਉਸਦੇ ਹੋਰ ਸਹੇਲੀਆਂ ਵੀ ਹਨ, ਮੈਚ ਵੇਖਣ ਲਈ। ਉਹਨਾਂ ਨੂੰ ਕਹਿਣਾ ਕਿਸੇ ਗੱਡੀ ਉਤੇ ਸਮੇਂ ਸਿਰ ਸ਼ਿਵਾ ਜੀ ਸਟੇਡੀਅਮ ਪਹੁੰਚ ਜਾਣ। ਸਤਿਗੁਰੂ ਜੀ ਦੀ ਨਾਰੀ ਜਾਤੀ ਪ੍ਰਤੀ ਉਦਾਰਤਾ ਮਹਾਰਾਜ ਜੀ ਦੁਆਰਾ ਬੀਬੀਆਂ ਵਲ ਭੇਜੀ ਗਈ।

ਮੈਨੂੰ ਸਟੇਡੀਅਮ ਵਿਚ ਆਪ ਜੀ ਦੇ ਨਾਲ ਜਾਣ ਦਾ ਮੌਕਾ ਮਿਲਿਆ ਸੀ। ਗੱਲੀਂ ਬਾਤੀਂ ਮੈਂ ਆਖਿਆ : ਬੀਬੀ ਜੀ ਵਿਚ ਆਪ ਜੀ ਦਾ ਬਹੁਤ ਸਾਰਾ ਭਾਗ ਹੈ, ਆਵਾਜ਼ ਟੁਣਕਵੀਂ ਤੇ ਲਹਿਜਾ ਨਰਮ ਹੈ। ਸਤਿਗੁਰਾਂ ਫ਼ਰਮਾਇਆ ਅੱਜ ਕੱਲ ਉਹ ਬੜਾ ਅਧਿਕਾਰਪੂਰਣ ਰਵੱਈਆ ਰਖਦੀ ਹੈ। ਬੜੀ ਜਲਦੀ ਹੀ ਇਹ ਤਬਦੀਲੀ ਆ ਗਈ ਹੈ। ਪਹਿਲਾਂ ਪਹਿਲ ਜਦੋਂ ਮੈਂ ਘਰ ਜਾਂਦਾ ਸਾਂ ਤਾਂ ਉਹ ਆਪਣੀਆਂ ਸਹੇਲੀਆਂ ਨਾਲ ਕਿਸੇ ਕਮਰੇ ਦੀ ਨੁਕਰੇ ਦੁਬਕੀ ਰਹਿੰਦੀ ਤੇ ਕਈ ਵਾਰ ਉਸਨੂੰ ਓਥੇ ਨਾ ਸਮਝ ਕੇ ਤੁਰ ਆਉਂਦਾ ਸਾਂ। ਫਿਰ ਮਹਾਰਾਜ ਜੀ ਜਾਂ ਮੇਰੀ ਸਿੰਘਣੀ ਰਾਹੀਂ ਪਤਾ ਲਗਣਾ ਕਿ ਉਹ (ਸਹੇਲੀਆਂ ਨਾਲ) ਉਡੀਕਦੀਆਂ ਹੀ ਰਹੀਆਂ। ਕਈ ਵਾਰ ਰੁਝੇਵੇਂ ਦੀ ਜ਼ਿਆਦਤੀ ਕਾਰਨ ਮੇਰਾ ਤੇ ਮੇਰੀ ਸਿੰਘਣੀ ਦਾ ਉਸ ਨਾਲ ਤਾਲਮੇਲ ਹੀ ਨਾ ਹੋ ਸਕਣਾ ਤਾਂ ਕਦੇ ਕਦੇ ਗਿਲਾ ਮਿਲਣਾ—ਕਦੇ ਸਾਡੇ ਲਈ ਵਕਤ ਹੀ ਨਹੀਂ ਨਿਕਲਦਾ। ਹੁਣ ਇਹ ਹੈ ਕਿ ਉਹ ਬੜਾ ਅਧਿਕਾਰਪੂਰਣ ਕਹਿੰਦੀ ਹੈ— ਮੈਨੂੰ ਵੀ ਕਦੇ ਗੱਲਬਾਤ ਤੇ ਦਰਸ਼ਨਾਂ ਦਾ ਸਮਾਂ ਦਿਆ ਕਰੋ ਏਸੇ ਲਈ ਕਈ ਵਾਰ ਨਾਲ ਰਖਣਾ ਪੈਂਦਾ ਹੈ।

ਸ਼ਾਕਾਹਾਰੀ ਸਮਾਗਮ ਵਿਚ ਅੱਜ ਮਹਾਰਾਜ ਬੀਰ



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਹੀ ਵਧੇਰਾ ਸਮਾਂ ਦੇ ਰਹੇ ਹਨ। ਸਤਿਗੁਰਾਂ ੨.੩੦ ਵਜੇ'ਆਂ ਕੇ ਆਰਾਮ ਕੀਤਾ।

## ਬੱਚਿਆਂ ਨਾਲ

੪ ਵਜੇ ਢਲੀ ਦੁਪਹਿਰੇ, ਭੈਣੀ ਸਾਹਿਬੋਂ ਨਾਲ ਲਿਆਂਦੇ ਸੰਗੀਤ ਸਿਖਦੇ ਬੱਚਿਆਂ ਨਾਲ, ਬੈਠਣ-ਕਮਰੇ ਵਿਚ, ਫਰਸ਼ ਤੇ ਵਿੱਛੇ ਕਪੜੇ ਤੇ ਖੱਬੀ ਵੱਖੀ ਲੇਟ, ਸੀਸ ਥੱਲੇ ਸਰਹਾਣਾ ਰਖ, ਪੌਣੀਆਂ ਪੰਦਰਾਂ ਮਾਤਰਾਂ ਦੇ ਸ਼ਬਦ 'ਕਰੁਣਾ ਨਿਧਾਨ' ਦੇ ਜਾਰੀ ਰਹਿੰਦਿਆਂ ਅੱਧੀ ਪੌਣੀ ਮਾਤਰਾ ਦੀ ੫ ਵਜੇ ਤਕ ਸੂਧੀ ਚਲਦੀ ਰਹੀ।

ਇਹਨਾਂ ਚੋਂ ਕੁਝ ਬੱਚਿਆਂ ਦੀਆਂ ਤੇਜ਼ ਸੰਤਰਈ ਰੰਗ ਦੀਆਂ ਸਵੈਟਰਾਂ ਸਨ। ਸਤਿਗੁਰਾਂ ਫੁਰਮਾਇਆ: ਤੁਹਾਡੇ ਸਵੈਟਰਾਂ ਦੇ ਰੰਗ ਗਲਤ ਨੇ, ਨਾ ਇਹ ਠੀਕ ਨੇ ਤੇ ਨਾ ਹੀ ਤੁਹਾਡੇ ਬੋਲ ਠੀਕ ਹੋ ਰਹੇ ਹਨ।

## ਸਹਾਇਤਾ

ਸ੍ਰੀ ਗੁਰਦੇਵ ਸਿੰਘ ਸਿੰਘ ਸਰੋਦ ਨੇ ਦੱਸਿਆ ਕਿ ਇਸ ਵਾਰ ਜਦੋਂ ਬੜੇ ਗੁਲਾਮ ਅਲੀ ਖਾਂ ਜੀ ਦੇ ਲੜਕੇ ਉਸਤਾਦ ਮੁਨੱਵਰ ਅਲੀ ਅੰਮ੍ਰਿਤਸਰ ਦੇ ੪੦੦ ਸਾਲਾ ਸਥਾਪਨਾ ਦਿਵਸ ਤੇ ਜਾ ਰਹੇ ਸਨ ਤਾਂ ਰਾਹ ਵਿਚ ਪਟਿਆਲਵੀ ਸੰਗੀਤ ਕਲਾਕਾਰਾਂ ਨੇ ਉਹਨਾਂ ਨੂੰ ਨਿਮੰਤ੍ਰਿਤ ਕੀਤਾ। ਪਹਿਲਾਂ ਇਸ ਪਰੋਗਰਾਮਾਂ ਤੇ ਗੁਰਦੇਵ ਸਿੰਘ ਨੇ ਆਪ ਜਾਣਾ ਸੀ ਪਰ ਖਾਂ ਸਾਹਿਬ ਮੁਨੱਵਰ ਅਲੀ ਦੇ ਸਤਿਕਾਰ ਨੂੰ ਮੁਖ ਰਖਦਿਆਂ ਉਹਨਾਂ ਨੂੰ ਮਾਣ ਦੇਣਾ ਜ਼ਰੂਰੀ ਹੋ ਗਿਆ। ਪਰ ਪਟਿਆਲਵੀ ਕਲਾਕਾਰਾਂ ਪਾਸ ਖਾਂ ਸਾਹਿਬ ਨੂੰ ਪੂਰੀ ਭੇਟਾ ਦੇਣ ਦਾ ਪ੍ਰਬੰਧ ਨਹੀਂ ਸੀ। ਨਾਮਧਾਰੀ, ਧਰਮਵੀਰ ਸਿੰਘ ਨੇ ਪਟਿਆਲੇ ਸਿਤਾਰ ਸਿਖਦਾ ਹੋਣ ਕਰਕੇ ਸਤਿਗੁਰੂ ਜੀ ਨੂੰ ਇਹ ਮੁਸ਼ਕਲ ਦੱਸੀ। ਸੱਚੇ ਪਾਤਸ਼ਾਹ ਜੀ ਨੇ ਆਪਣੇ ਖਜ਼ਾਨਚੀ ਨੂੰ ਕਹਿਕੇ ੨੦੦੦/-ਸਹਾਇਤਾ ਭੇਜੀ।

## ਵਿਸ਼ਵ ਸ਼ਾਕਾਹਾਰੀਆਂ ਵਿਚ

੫ ਵਜੇ ਸ਼ਾਮੀਂ ਸਤਿਗੁਰੂ ਜੀ ਆਪਣੇ ਲੋੜੀਂਦੇ ਸਿੱਖਾਂ ਨਾਲ ਵਿਗਿਆਨ ਭਵਨ ਦੇ ਪਿਛਵਾੜੇ ਦੇ ਹਾਲ ਵਿਚ ਪਧਾਰੇ ਜਿਥੇ ੧੫੦ ਤੋਂ ਵਧ ਵਿਦੇਸ਼ੀ ਡੈਲੀਗੇਟ ਬੈਠੇ ਸਨ: ਸਤਿਗੁਰੂ ਜੀ ਦਾ ਸਾਰਿਆਂ ਹੀ ਹਾਰਦਿਕ ਸੁਆਗਤ ਕੀਤਾ। ਸ੍ਰੀ ਸਤਿਗੁਰੂ ਜੀ ਇੰਟਰਨੈਸ਼ਨਲ ਵੈਜੀਟੇਰੀਅਨ ਸੰਸਥਾ ਦੇ ਉਪ ਪਰਧਾਨ ਚਲੇ ਆ ਰਹੇ ਹਨ ਕੁਝ ਵਰਿਆਂ ਤੋਂ। ਸੰਸਥਾ ਦੇ ਪ੍ਰਧਾਨ ਡਾ: ਲਾਟੇ ਹਨ। ਡਾਇਸ ਤੇ ਸਤਿਗੁਰੂ ਜੀ ਨੂੰ ਇਥੇ ਸਭਾ ਦੇ ਪ੍ਰਧਾਨ ਪ੍ਰੋ: ਸ਼ੇਰ ਸਿੰਘ ਮਨਿਸਟਰ ਡੀਫੈਂਸ ਪ੍ਰੋਡਕਸ਼ਨ ਦੇ ਨਾਲ ਖੱਬੇ ਹੱਥ ਬੈਠਾਇਆ ਗਿਆ। ਕੁਝ ਇਸਤਰੀ ਮੈਂਬਰ ਵੀ ਡਾਇਸ ਤੇ ਬੈਠੀਆਂ ਸਨ।

ਸਤਿਗੁਰੂ ਜੀ ਦੇ ਨਾਲ ਬੈਠੀ ਇਕ ਵਿਦੇਸ਼ੀ "ਵਿਗਿਆਨੀ ਇਸਤਰੀ ਨੇ ਬੈਕਟੇਰੀਆ ਬਾਰੇ ਲੈਕਚਰ ਦਿਤਾ। ਸਤਿਗੁਰੂ ਜੀ ਨਾਲ ਜਾਣ ਪਛਾਣ ਹੋਣ ਤੇ ਉਸ ਆਪਣਾ ਕਾਰਡ ਵੀ ਦਿਤਾ ਤੇ ਬਹੁਤ ਸਮਾਂ ਖਿਆਲ ਵਟਾਂਦਰਾ ਵੀ ਕੀਤਾ। ਵੈਜੀਟੇਰੀਅਨ ਸੰਸਥਾ ਦੇ ਇਕ ਹੋਰ ਨਾਮਧਾਰੀ ਮੈਂਬਰ ਸਵਰਨ ਸਿੰਘ ਸਨੇਹੀ ਨੇ ਵੀ ਕੁਝ ਗੱਲਾਂ ਵਿਚ ਭਾਗ ਲਿਆ।

ਸਵਾਮੀ ਸੱਚਿਦਾ ਨੰਦ (ਅਮਰੀਕਾ) ਦੇ ਵਖਿਆਨ ਦੀ ਸਾਡੇ ਨਾਲ ਬਚਨ ਕਰਦਿਆਂ, ਸਲਾਹੁਤ ਕੀਤੀ: ਉਸਦੀ ਅੰਗਰੇਜ਼ੀ ਸਿੰਪਲ, ਮਿਸਾਲਾਂ ਉੱਤਮ ਤੇ ਕਥਨ ਢੰਗ ਪ੍ਰਭਾਵਸ਼ਾਲੀ ਹੈ।

## ਫਿਲਮ: ਸੁੰਦਰਤਾ,
## ਬਿਨਾ ਬੇਰਹਿਮੀ ਤੋਂ

ਏਥੇ ਹੀ ਇਕ ਫਿਲਮ ਵਖਾਈ ਗਈ "ਬਿਊਟੀ ਵਿਦਾਊਟ ਕ੍ਰਿਊਲਿਟੀ।"ਇਹ ਉਹਨਾਂ ਲੋਕਾਂ ਵਾਸਤੇ ਸੀ ਜੁ ਬਨਾਉਟੀ ਸੁੰਦਰਤਾ ਦੇ ਸ਼ੈਦਾਈ ਹਨ। ਇਸ ਰੰਗੀਨ ਫਿਲਮ ਦੁਆਰਾ, ਯੂਰਪ ਵਿਚ ਜਿਹਨਾਂ ਜਾਨਵਰਾਂ ਨੂੰ ਨਿਰਅਪਰਾਧ ਕਤਲ ਕੀਤਾ ਜਾਂਦਾ, ਜਿਵੇਂ ਕਤਲ ਕੀਤਾ ਜਾਂਦਾ, ਤੇ ਉਹਨਾਂ ਕੱਢੇ ਦ੍ਰਿਸ਼ਾਂ ਦੀਆਂ ਤਸਵੀਰਾਂ ਥਾਂ-ਪਰ-ਥਾਂ ਇਹ ਦਰਸਾਂਦੀਆਂ ਸਨ ਕਿ ਅਮੀਰ ਲੋਕਾਂ ਦੇ ਫਰ ਦੇ ਕੋਟ, ਜੁੱਤੇ, ਬੁਲ੍ਹ-ਨਹੁੰ ਰੰਗਨ ਦੇ ਪ੍ਰਸਾਧਨ ਆਦਿ ਕਿੰਨੇ ਜ਼ੁਲਮ ਤੇ ਕੱਟ-ਵੱਢ ਬਾਅਦ ਪ੍ਰਾਪਤ ਹੁੰਦੇ ਹਨ। ਜਿਊਂਦੇ ਚੂਹੇ ਦੀ ਖੱਲ ਉਧੇੜਨ ਤੋਂ ਲੈਕੇ ਵੇਲ੍ਹ ਮੱਛੀ ਦੇ ਟੁਕੜੇ ਟੁਕੜੇ ਕਰਨ ਦੀ ਦ੍ਰਿਸ਼ਾਵਲੀ ਦਿਲ ਦਹਿਲਾਊ ਸੀ। ਸਤਿਗੁਰੂ ਜੀ ਨੇ ਵੀ ਜਾਨਵਰ ਵਢੀਂਦੇ ਇਸ ਫਿਲਮ ਦੁਆਰਾ ਹੀ ਵੇਖੇ ਸਨ।

ਇਸ ਜ਼ੁਲਮ ਦੇ ਖਿਲਾਫ ਆਵਾਜ਼ ਅਤੇ ਭਾਵਨਾ ਪੈਦਾ ਕਰਨ ਲਈ ਫੁਰਮਾਇਆ ਕਿ ਅਜਿਹੀਆਂ ਫਿਲਮਾਂ ਦੀਆਂ ਹੋਰ ਵੀ ਕਾਪੀਆਂ ਲੈਕੇ ਆਮ ਲੋਕਾਂ ਨੂੰ ਵਖਾਣੀਆਂ ਚਾਹੀਦੀਆਂ ਹਨ। ਬਚਨ ਕੀਤਾ: ਯੂਰਪੀਨ ਲੋਕ ਜਦੋਂ ਕਿਸੇ ਗੱਲ ਨੂੰ ਪੇਸ਼ ਕਰਨਾ ਚਾਹੁੰਦੇ ਹਨ ਬੜੀ ਦੂਰ ਤੇ ਡੂੰਘਾਈ ਤਕ ਜਾਂਦੇ ਹਨ।

ਏਥੇ ਇਕ ਦੋ ਬੀਬੀਆਂ ਨੇ ਸਤਿਗੁਰੂ ਜੀ ਨੂੰ ਉਸ



Sri Satguru Jagjit Singh Ji Elibrary NamdhariElibrary@gmail.com

ਰੇਸ਼ਮ ਦੇ ਬਸਤਰ ਵੀ ਵਖਾਏ ਜੋ ਕਿ ਸ਼ਹਿਤੂਤ ਦੇ ਕੀੜੇ ਨੂੰ ਮਾਰ ਕੇ ਨਹੀਂ ਬਣਾਏ ਜਾਂਦੇ ਸਗੋਂ ਪੈਟਰੋਲੀਅਮ ਵਰਤੋਂ ਨਾਲ ਤਿਆਰ ਕੀਤੇ ਜਾਂਦੇ ਹਨ ਜਿਵੇਂ ਨਾਈਲੋਨ, ਪੋਲਾ-ਇਸਟਰ: ਪਲਾਸਟਿਕ ਆਦਿ।

ਫਿਲਮ ਦੇਖਣ ਵਾਲਿਆਂ ਵਿਚ ਸ੍ਰੀ ਸਤਿਗੁਰੂ ਜੀ ਨਾਲ ਸਰਬ ਸ੍ਰੀ ਮਹਾਰਾਜ ਜੀ, ਹੰਸਪਾਲ, ਗੁਰਭਜਨ ਸਿੰਘ, ਸਵਰਨ ਸਿੰਘ ਸਨੇਹੀ ਮਾਸਟਰ ਨਿਹਾਲ ਸਿੰਘ, ਮਹੰਤ ਆਤਮਾ ਸਿੰਘ ਸਨਖਤਰਾ ਅਤੇ ਲੇਖਕ ਨਾਮਧਾਰੀਆਂ ਵਲੋਂ ਪ੍ਰਤਿਨਿਧ ਸਨ।

੭.੩੦ ਵਜੇ ਰਾਤੀਂ ਵਾਪਸ ਕੋਠੀ ਪਰਤੇ।

### ਸਪਰੂ ਹਾਊਸ ਵਿਚ

ਏਥੋਂ ੯ ਵਜੇ ਫਿਰ ਸਪਰੂ ਹਾਊਸ ਨੂੰ ਚਲੇ, ਓਥੇ ਪੰਡਿਤ ਸ਼ਿਵ ਕੁਮਾਰ ਦਾ ਸੰਤੂਰ ਵਾਦਨ ਸੀ। ਸਤਿਗੁਰੂ ਜੀ ਗੁਰਦੇਵ ਸਿੰਘ, ਹਰਭਜਨ ਸਿੰਘ, ਮੈਨੂੰ ਅਤੇ ਹਜ਼ੂਰੀ ਸੇਵਕ ਪੂਰਵਾ ਨੂੰ ਨਾਲ ਲੈ ਗਏ। ਸੁਆਗਤ ਕਰਨ ਲਈ 'ਸਿੰਘ ਬੰਧੂ' (ਸ੍ਰ. ਤੇਜਪਾਲ ਸਿੰਘ ਅਤੇ ਸ੍ਰ: ਸੁਰਿੰਦਰ ਸਿੰਘ ਇਕੋ ਇਕ ਮੂਹਰਲੀ ਕਤਾਰ ਦੇ ਸਿੱਖ ਗਵੱਈਏ) ਬਾਹਰ ਬਰਾਂਡੇ ਵਿਚ ਮਿਲੇ ਹੱਥ ਜੋੜ ਗੋਡੀਂ ਹਥ ਲਾ, ਸਿਰ ਨਿਵਾ ਅੰਦਰ ਪਧਾਰਨ ਦੀ ਬੇਨਤੀ ਕੀਤੀ।

ਸੰਤੂਰਵਾਦਨ ਦੇ ਅਰੰਭ ਵਿਚ ਸੁਹਣੇ ਤੇ ਨੌਜਵਾਨ ਸ਼ਿਵ ਕੁਮਾਰ ਨੇ ਸਤਿਗੁਰੂ ਜੀ ਪਾਸੋਂ ਸਤਿਕਾਰ ਵਿਚ ਆਗਿਆ ਮੰਗੀ। ਹਾਲ ਵਿਚ ੨੦੦ ਦੇ ਕਰੀਬ ਸਰੋਤੇ ਸਨ। ਸ਼ਿਵ ਕੁਮਾਰ ਨੇ ਰੂਹ ਨਾਲ ਕੌਂਸੀ ਕਾਨੜੇ ਦਾ ਅਲਾਪ ਸ਼ੁਰੂ ਕਰਕੇ ਵਿਲੰਬਤ, ਮੱਧ ਤੇ ਦ੍ਰੁਤ ਲੈਅ ਵਿਚ ਕਲਾ ਪਰਦਰਸ਼ਨ ਕੀਤਾ। ਤਬਲੇ ਤੇ ਸੰਗਤਕਾਰ ਫਿਆਜ਼ ਹੁਸੈਨ ਸਨ।

ਤ੍ਰਿ ਅੰਤ ਹੋਣ ਤੇ ਪੰਡਿਤ ਜੀ ਨੂੰ ਮਿਲ ਕੇ, ਕਾਰਜ ਕਰਮ ਦੀ ਪ੍ਰਸੰਸਾ ਕਰ ਨਾਲ ਦੇ ਜਥੇ ਸਮੇਤ ੧੧/੧੦ ਪੂਸਾ ਰੋਡ ਆਏ। ਮਿਵਾਪਸੀ ਤੇ ਰਾਜਨ ਵੀ ਸਤਿਗੁਰੂ ਜੀ ਦੇ ਨਾਲ ਆਏ ਤੇ ਕੋਠਿਓਂ ਜਾਣ ਸਮੇਂ ਆਪਣੇ ਪ੍ਰਿਯ ਕਲਾਕਾਰ ਨੂੰ ਸਤਿ-ਗੁਰਾਂ ਇਕ ਟੋਕਰਾ ਫਲਾਂ ਦਾ ਭੇਜਿਆ।

ਸਪਰੂ ਹਾਊਸ ਨੂੰ ਜਾਣ ਤੋਂ ਪਹਿਲਾਂ ਸਰਦਾਰ ਹਰਭਜਨ ਸਿੰਘ ਅੰਮ੍ਰਿਤਸਰ ਟੈਲੀਵੀਜ਼ਨ ਦੇ ਪੰਜਾਬੀ ਵਿਭਾਗ ਦੇ ਮੁਖੀ ਨੇ ਸਤਿਗੁਰਾਂ ਦੇ ਦਰਸ਼ਨ ਕਰਨ ਸਮੇਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਨੇ ਅੰਮ੍ਰਿਤਸਰ ਦੇ ੪੦੦ ਸਾਲਾ ਜਸ਼ਨਾਂ ਸਮੇਂ ਨਾਮਧਾਰੀ ਬੱਚਿਆਂ ਨੂੰ ਬਹੁਤ ਲੇਟ ਵਕਤ ਦਿਤਾ, (ਰਾਤੀਂ ੧੨ ਵਜੇ) ਪਰੰਤੂ ਇਹ ਬੱਚੇ ਇਤਨਾ ਸੁੰਦਰ ਗਾਏ ਕਿ ਜਿਹੜੇ ਸੁਣ ਨਹੀਂ ਸਕੇ ਉਹਨਾਂ ਨੂੰ ਪਛਤਾਵਾ ਰਹੇਗਾ। 'ਰਤਨ' ਨੇ ਕਿਹਾ ਜੇ ਕਿਸੇ ਤਰ੍ਹਾਂ ਮੈਨੂੰ ਪਹਿਲਾਂ ਪਤਾ ਲਗ ਜਾਂਦਾ ਵਕਤ ਅਗੇਤਾ ਕਰਵਾ ਦਿੰਦੇ!

## ੨੨ ਨਵੰਬਰ ੧੯੭੭ ਮੰਗਲਵਾਰ
## ਨਵੀਂ ਦਿੱਲੀ

### ਛਾਹ ਵੇਲਾ ਸ਼ਾਕਾਹਾਰੀਆਂ ਨੂੰ

ਅੱਜ ਆਸਾ ਦੀ ਵਾਰ ਦਾ ਕੀਰਤਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਰੀ ਨਗਰ, ਸੰਤ ਕਰਨੈਲ ਸਿੰਘ ਫਰਨੀਚਰ ਵਾਲਿਆਂ ਦੇ ਸੀ। ਦੀਵਾਨ ਉਪਰੰਤ ਜਲਪਾਨ ਕਰਕੇ ਸਤਿਗੁਰੂ ਜੀ ਕੋਠੀ ਪੂਸਾ ਰੋਡ ਪਧਾਰੇ।

ਸ੍ਰ: ਹਰਵਿੰਦਰ ਸਿੰਘ ਹੰਸਪਾਲ ਨੇ ਕੀਰਤਨ ਤੋਂ ਵਾਪਸ ਆਇਆਂ ਮੈਨੂੰ ਮੇਰੇ ਘਰ ਤਿਆਰ ਰਹਿਣ ਲਈ ਪੱਕੀ ਕੀਤੀ ਤਾਂ ਕਿ ਅਸੀਂ ੮.੪੫ ਤਕ ਕੋਠੀ ਪਹੁੰਚ ਸਕੀਏ। ਅਸੀਂ ਦੋਵੇਂ ਸਮੇਂ ਸਿਰ ਕੋਠੀ ਪੁਜੇ। 'ਮੈਤ੍ਰੀ' (ਦੋਸਤੀ) ਦੇ ਪ੍ਰੈਜ਼ੀਡੈਂਟ ਅਤੇ ਐਗਜ਼ੈਕਟਿਵ ਕਮੇਟੀ ਵਲੋਂ ਕੌਮਾਂਤਰੀ ਤੇ ਕੌਮੀ ਸ਼ਾਕਾਹਾਰੀ ਡੈਲੀਗੇਟਾਂ ਵਾਸਤੇ ਛਾਹ ਵੇਲੇ ਦਾ ਨਿਮੰਤਰਣ ਸੀ। ਇਸ ਵਿਚ ਭਾਰਤ ਦੇ ਗ੍ਰਹਿ ਮੰਤਰੀ ਚਰਨ ਸਿੰਘ ਨੇ ਆਉਣਾ ਸੀ। ਇਸ ਸਮੇਂ ਉਪਸਥਿਤ ਹੋਣ ਲਈ ਸਤਿਗੁਰੂ ਜੀ ਵੀ ਸਾਦਰ ਨਿਮੰਤਰਤ ਸਨ।

ਸਤਿਗੁਰੂ ਜੀ ਨੇ ਸ੍ਰ: ਹੰਸਪਾਲ ਨੂੰ ਕਿਹਾ: ਮੈਂ ਚਾਹੁੰਦਾ ਹਾਂ ਕਿ ਇਸ (ਬ੍ਰੇਕ ਫਾਸਟ) ਤੇ ਮਹਾਰਾਜ ਬੀਰ ਸਿੰਘ ਜੀ ਜਾਣ। ਏਨੇ ਚਿਰ ਨੂੰ ਮਹਾਰਾਜ ਜੀ ਨੇ ਵੀ ਆ ਚਰਨੀਂ ਹੱਥ ਲਾਇਆ। ਸਤਿਗੁਰੂ ਜੀ ਨੇ ਆਗਿਆ ਕੀਤੀ: ਜਾਓ, ਤੁਸੀਂ ਹੀ ਜਾਓ।

ਅਤੇ ਸ੍ਰ: ਹੰਸਪਾਲ ਦੀ ਕਾਰ ਵਿਚ ਉਸਦੇ ਨਾਲ ਸ੍ਰੀ ਮਹਾਰਾਜ ਜੀ, ਪ੍ਰੀਤਮ ਸਿੰਘ ਕਵੀ ਅਤੇ ਸ੍ਰੀ ਗੁਰਨਾਮ ਸਿੰਘ ੪੧ 'ਆਨੰਦ ਲੋਕ' ਪਹੁੰਚੇ ਜਿਥੇ ਮੈਤ੍ਰੀ ਸੰਸਥਾ ਦੇ ਪ੍ਰੈਜ਼ੀਡੈਂਟ ਸ੍ਰੀ ਸੀ.ਐਲ. ਚੰਦਾਕ ਅਤੇ ਐਗਜ਼ੈਕਟਿਵ ਮੈਂਬਰਾਂ ਨੇ ਵਿਸ਼ਵ ਸ਼ਾਕਾਹਾਰੀ ਸਮੇਲਨ ਦੇ ਡੈਲੀਗੇਟਾਂ ਨੂੰ ਛਾਹ ਵੇਲਾ ਦੇਣਾ ਸੀ।

ਏਥੇ ਸੇਠ ਤ੍ਰਿਲੋਕ ਸਿੰਘ ਤਾਂ ਬਾਹਰੀ ਡੈਲੀਗੇਸ਼ਨ ਨਾਲ ਪਹਿਲਾਂ ਹੀ ਪਹੁੰਚੇ ਹੋਏ ਸਨ ਤੇ ਸਨੇਹੀ ਸਵਰਨ ਸਿੰਘ ਵੀ ਮੌਜੂਦ ਸੀ। ਸ਼ਾਮਿਆਨਿਆਂ ਹੇਠ ਇਕ ਪਾਸੇ ਤਾਂ ਅਸ਼ਟ ਭੁਜੀ ਦੇਵੀ ਦਾ ਬੜਾ ਸੀ ਮੰਚ ਉਤੇ। ਕਾਲੇ ਅਤੇ ਗੋਰੇ ਲੋਕ



Sri Satguru Jagjit Singh Ji Elibrary NamdhariElibrary@gmail com

ਜੁੱਤੀਆਂ ਲਾਹੀ ਭੁੰਜੇ ਵਿਛੀਆਂ ਦਰੀਆਂ ਉਤੇ ਬੈਠੇ ਸਨ। ਸ੍ਰੀ ਰਾਮ ਨਰੇਸ਼ ਯਾਦਵ ਮੁਖ ਮੰਤਰੀ ਉੱਤਰ ਪਰਦੇਸ਼ ਅਜੇ ਸਟੇਜ ਤੇ ਪਹੁੰਚਣ ਹੀ ਲਗੇ ਸਨ ਕਿ ਗ੍ਰਹਿ ਮੰਤਰੀ ਦੇ ਨਾ ਆਉਣ ਦੀ ਸੂਚਨਾ ਮਿਲ ਗਈ। ਲੋਕ ਪਲਾਂ ਵਿਚ ਹੀ ਉਠ ਬੈਠੇ ਤੇ ਨਿੱਕੀ ਨਿੱਕੀ ਗੱਲਬਾਤ ਦਾ ਸ਼ੋਰ ਉੱਚਾ ਹੋ ਗਿਆ। ਫਿਰ ਖਾਣ ਪੀਣ ਦੀ ਵਾਰੀ ਆਈ : ਇਕ ਕੇਲਾ, ਇਕ ਸਮੋਸਾ, ਇਕ ਪਨੀਰ ਪਕੌੜਾ ਤੇ ਇਕ ਇਕ ਜਲੇਬੀ।

ਫਿਰ ਛੇਤੀ ਹੀ ਸਾਰੇ ਵਿਗਿਆਨ ਭਵਨ ਦੇ ਸਭਾ ਹਾਲ ਵਿਚ ਪਹੁੰਚੇ।

## ਵੈਜੀਟੇਰੀਅਨ ਵੋਟਿੰਗ

ਮਹਾਰਾਜ ਜੀ ਨੇ ਦਸਿਆ ਕਿ ਅੱਜ ਵੋਟਿੰਗ ਹੋਣੀ ਹੈ ਤੇ ਇਸ ਸੰਸਥਾ ਦੇ, ਨਾਮਧਾਰੀਆਂ ਵਲੋਂ ਮੈਂਬਰ ਹਨ, ਸ੍ਰੀ ਸਤਿਗੁਰੂ ਜੀ, ਮਹਾਰਾਜ ਜੀ ਆਪ, ਸੇਠ ਤ੍ਰਿਲੋਕ ਸਿੰਘ ਅਤੇ ਸ੍ਰੀ ਸਵਰਨ ਸਿੰਘ ਸਨੇਹੀ। ਸਤਿਗੁਰੂ ਜੀ ਵੋਟ ਪਾਣ ਨਹੀਂ ਆਉਣਾ ਚਾਹੁੰਦੇ ਸਨ, ਸੋ ਗਾਰਡਨ ਲਾਟੇ ਸੰਸਥਾ ਦੇ ਪ੍ਰੈਜ਼ੀਡੈਂਟ ਨਾਲ ਗੱਲ ਕੀਤਿਆਂ ਸਤਿਗੁਰੂ ਜੀ ਦੇ ਆਪ ਵੋਟ ਪਾਣ ਜਾਣ ਦੀ ਮਜਬੂਰੀ ਮੁਕ ਗਈ।

## ਸ਼ਾਕਾਹਾਰੀਆਂ ਨੂੰ ਰੋਟੀ

ਕੱਲ੍ਹ ਨੂੰ ਸ੍ਰੀ ਸਤਿਗੁਰੂ ਜੀ ਵਲੋਂ ਤਮਾਮ ਵੈਜੀਟੇਰੀਅਨ ਕਾਂਗਰਸ ਦੇ ਡੈਲੀਗੇਟਾਂ ਨੂੰ ੧੧/੧੦ ਪੂਸਾ ਰੋਡ ਵਿਖੇ ਦੁਪਹਿਰ ਦਾ ਖਾਣਾ (ਲੰਚ) ਹੋਵੇਗਾ। ਉਸ ਦੀ ਤਿਆਰੀ ਵਾਸਤੇ ਮਹਾਰਾਜ ਬੀਰ ਸਿੰਘ ਜੀ ਨੇ ਪਦਾਰਥ ਵਿਵਸਥਾ ਕੀਤੀ : ਸਰੋਂ ਦਾ ਸਾਗ, ਸਾਬਤ ਮਾਂਹ ਦੀ ਦਾਲ, ਆਲੂ-ਮਟਰ-ਪਨੀਰ, ਚਾਵਲ ਨਮਕੀਨ, ਕੜਾਹ ਪ੍ਰਸ਼ਾਦ, ਪ੍ਰਸ਼ਾਦਾ ਕਣਕ ਦਾ (ਸੇਠ ਤ੍ਰਿਲੋਕ ਸਿੰਘ ਹੁਰਾਂ ਦੀ ਸਿਫਾਰਸ਼ ਤੇ) ਨਾਨ੍ਹ ਅਤੇ ਦਹੀ ਭੱਲੇ। ਠਾਕਰ ਜੀ ਸਾਡੇ ਨਾਲ ਸਨ ਸੁ ਇਹ ਤਿਆਰੀ ਇਹਨਾਂ ਦੇ ਜ਼ਿਮੇ ਲਾਈ ਗਈ। ਸ੍ਰ: ਰਾਜਾ ਸਿੰਘ ਖਾਲਸਾ ਟੈਂਟ ਹਾਊਸ, ਕਨਾਟ ਪਲੇਸ ਵਾਲਿਆਂ ਜ਼ਿਮੇ ਚਾਨਣੀਆਂ ਕਨਾਤਾਂ ਨਾਲ ਸੁਹਣਾ ਡਾਇਨਿੰਗ ਪੰਡਾਲ ਤੇ ਖਾਣ-ਪੀਣ ਦੇ ਬਰਤਨਾਂ ਦਾ ਪ੍ਰਬੰਧ ਲਗ ਚੁਕਾ ਸੀ। ਸੋ ਕੋਠੀ ਵਿਚ ਤਾਂ ਅੱਜ ਏਸੇ ਸੰਬੰਧ ਵਿਚ ਭੱਜ ਨੱਠ ਹੋ ਰਹੀ ਹੈ।

## ੧੧/੧੦ ਪੂਸਾ ਰੋਡ

ਮਹਾਰਾਜ ਜੀ, ਸੇਠ ਜੀ, ਸਨੇਹੀ ਨੂੰ ਸਭਾ ਭਵਨ ਵਿਚ ਛੱਡ ਆਪ ਪੂਸਾ ਰੋਡ ਕੋਠੀ ਆ ਗਏ। ਰਾਹ ਵਿਚ ਹੰਸਪਾਲ ਨੇ ਗੱਲਾਂ ਗੱਲਾਂ ਵਿਚ ਦਸਿਆ ਕਿ ਸ਼ਾਕਾਹਾਰ ਦੀਆਂ ਸਾਰੀਆਂ ਸਰਗਰਮੀਆਂ ਇਕੋ ਮੁਠੀ ਵਿਚ ਬੰਦ ਹਨ। ਤਾਂ ਵੀ ਮਹਾਰਾਜ ਜੀ ਦੇ ਕਹਿਣ ਤੇ ੪ ਪੈਟਰਨ ਤਿਆਰ ਕਰ ਦਿਤੇ ਹਨ। ਸੇਠ ਜੀ ਤੇ ਹੰਸਪਾਲ ਦਾ ਮਤ ਸੀ ਕਿ ਸਤਿਗੁਰੂ ਜੀ ਵਿਸ਼ਵ ਸ਼ਾਕਾਹਾਰ ਸੰਸਥਾ ਦੇ ਪ੍ਰਧਾਨ ਹੋਣ ਜਾਂ ਪੈਟਰਨ।

ਕੋਠੀ ਆ ਕੇ ਵੇਖਿਆ ਸਤਿਗੁਰੂ ਜੀ ਨਿੱਕੇ ਨਿੱਕੇ ਬੱਚਿਆਂ ਨਾਲ ਸੰਗੀਤ ਕਕਸ਼ਾ ਚਲਾ ਰਹੇ ਸਨ। ਸਾਢੇ ਪੰਦਰਾਂ ਮਾਤਰਾ ਦਾ ਸ਼ਬਦ ਤੇ ਲੈਅ ਇਕਸਾਰ ਕਰਨ ਲਈ ਉਨ੍ਹਾਂ ਨੂੰ ਸੁਣ ਰਹੇ ਸਨ। ਡੇਢ ਦੋ ਘੰਟੇ ਲਗਾਤਾਰ ਇਹੋ ਕੁਝ ਹੋਇਆ। ਲਾਂਗਰੀ ਤੇ ਸੇਵਕ ਕਾਹਲੇ ਸਨ ਸਤਿਗੁਰੂ ਜੀ ਕਦੋਂ ਉਠ ਕੇ ਇਸ਼ਨਾਨ ਕਰਨ ਤੇ ਪ੍ਰਸ਼ਾਦ ਛਕਣ। ਪਰ ਸਤਿਗੁਰੂ ਜੀ ੧੧.੩੦ ਵਜੇ ਹੀ ਬੱਚਿਆਂ ਤੋਂ ਵਖਰੇ ਹੋਏ।

ਜਦੋਂ ਸਤਿਗੁਰੂ ਜੀ, ਸੇਠ ਤ੍ਰਿਲੋਕ ਸਿੰਘ ਦੀ ਕੋਠੀ ੧੧/੧੦ ਪੂਸਾ ਰੋਡ ਪਧਾਰਨ ਤਾਂ ਇਹ ਨਾਮਧਾਰੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਹੋ ਜਾਂਦੀ ਹੈ। ਦਿੱਲੀ ਦੇ ਸਾਰੇ ਹੀ ਇਲਾਕਿਆਂ ਚੋਂ ਦਰਸ਼ਨ ਜਾਂ ਅਰਜ਼ਾਂ ਕਰਨ ਵਾਲੇ ਏਥੇ ਪਹੁੰਚਣਾ ਸ਼ੁਰੂ ਹੋ ਜਾਂਦੇ ਹਨ। ਜਦੋਂ ਹੀ ਸਤਿਗੁਰੂ ਏਥੇ ਪਹੁੰਚਦੇ ਹਨ ਗੁਰੂ ਕਾ ਲੰਗਰ ਜਾਰੀ ਹੋ ਜਾਂਦਾ ਹੈ। ਆਮ ਕਰਕੇ ਸੇਠ ਤ੍ਰਿਲੋਕ ਸਿੰਘ ਵਲੋਂ ਜਾਂ ਉਨ੍ਹਾਂ ਸਿੱਖਾਂ ਵਲੋਂ ਜਿਨ੍ਹਾਂ ਲੰਗਰ ਦੀ ਸੇਵਾ ਕਰਨ ਦੀ ਇੱਛਾ ਪ੍ਰਗਟ ਕੀਤੀ ਹੋਵੇ। ਇਸ ਮੌਕੇ ੬-੪, ੫-੫ ਗੱਡੀਆਂ ਸੇਵਾ ਵਿਚ ਹਾਜ਼ਰ ਰਹਿੰਦੀਆਂ ਹਨ।

## ਸ਼ਾਕਾਹਾਰੀ ਮੀਟਿੰਗ

੩ ਵਜੇ ਦੀਨ ਦਿਆਲ ਜੀ ਵਿਗਿਆਨ ਭਵਨ ਵਿਚ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਪਧਾਰੇ। ਨਾਲ ਸਨ : ਹੰਸਪਾਲ, ਡਾ: ਅਮਰ ਭਾਰਤੀ, ਪ੍ਰੀਤਮ ਸਿੰਘ ਕਵੀ। ਸ਼ਾਕਾਹਾਰੀ ਸਮਾਗਮ ਦੀ ਇਕ ਮੀਟਿੰਗ ਕਮਰਾ ਨੰ: ੪ ਵਿਚ ਚਲ ਰਹੀ ਸੀ ਡਾ: ਗਾਰਡਨ ਲਾਟੇ ਦੀ ਪ੍ਰਧਾਨਗੀ ਹੇਠ। ਸਤਿਗੁਰੂ ਜੀ ਕਮਰਾ ਨੰ: ੪ ਵਿਚ ਜਾਣ ਤਕ ੫-੭ ਸਿੰਘ ਹੋਰ ਵੀ ਨਾਲ ਹੋ ਗਏ। ਸਤਿਕਾਰ ਪੂਰਵਕ ਆਪ ਜੀ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਹੀ ਇਕ ਵਿਦੇਸ਼ੀ ਇਸਤਰੀ ਅੰਗਰੇਜ਼ੀ ਵਿਚ ਤਕਰੀਰ ਫਰਮਾ ਸੀ। ਵਿਸ਼ਾ ਸੀ, ਚੰਗੀ ਸਿਹਤ ਲਈ ਸ਼ਾਕਾਹਾਰ।

ਇਸ ਤੋਂ ਪਿਛੋਂ ਇਕ ਹੋਰ ਡਾਕਟਰ ਸ੍ਰੀ ਦਿਨਸ਼ਾ



Sri Satguru Jagjit Singh Ji Elibrary NamdhariElibrary@gmail.com

ਜੋ ਨਸਲੋਂ ਭਾਰਤੀ ਹੈ ਤੇ ਲੰਮੀ ਰਿਹਾਇਸ਼ੋਂ ਅਮਰੀਕੀ, ਤਕਰੀਰ ਕਰ ਰਿਹਾ ਸੀ ਕਿ ਭਾਰਤ ਦੇ ਸੰਚਾਰ ਮੰਤ੍ਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਆਣ ਪਹੁੰਚੇ। ਇਨ੍ਹਾਂ ਨੂੰ ਸਤਿਗੁਰੂ ਜੀ ਦੇ ਨਾਲ ਵਾਲੀ ਕੁਰਸੀ ਤੇ ਬੈਠਾਇਆ ਗਿਆ। ਸਭਾ ਦੀ ਸਾਰੀ ਕਾਰਵਾਈ ਦੀ ਜ਼ਬਾਨ ਅੰਗਰੇਜ਼ੀ ਹੀ ਸੀ।

੫-੭ ਮਿੰਟ ਵਿਚ ਡੈਲੀਗੇਟਾਂ ਦਾ ਸੁਆਗਤ, ਅਤੇ ਆਪਣੇ ਸਾਰੇ ਮਾਸਾਹਾਰੀ ਪ੍ਰਵਾਰ ਵਿਚੋਂ ਆਪਣੇ ਆਪ ਨੂੰ ਸ਼ਾਕਾਹਾਰੀ ਬਣਾਨ ਦੀ ਗੱਲ ਸ੍ਰੀ ਅਡਵਾਨੀ ਨੇ ਕੀਤੀ। ਸਭ ਤੋਂ ਅਖ਼ੀਰ, ੪.੨੦ ਵਜੇ ਸਤਿਗੁਰੂ ਜੀ ਨੂੰ ਆਪਣੇ ਵਿਚਾਰ ਦੱਸਣ ਲਈ ਸੰਸਥਾ ਪ੍ਰਧਾਨ ਸ੍ਰੀ ਲਾਟੇ ਨੇ ਬੇਨਤੀ ਕੀਤੀ।

**ਸਦਕਥਨ**

ਸਤਿਗੁਰੂ ਜੀ ਨੇ ਪੰਜਾਬੀ ਵਿਚ ਬੜੇ ਚੋਣਵੇਂ ਸ਼ਬਦਾਂ ਨਾਲ ਠੋਸ ਕਥਨ ਕੀਤਾ। ਤੱਤ ਇਹ ਸੀ : ਸਾਡੇ ਧਰਮ ਨੇ ਮੁੱਢ ਤੋਂ ਹੀ ਕੁਝ ਅਜਿਹੀਆਂ ਗੱਲਾਂ ਕਹੀਆਂ ਹਨ ਜਿਨ੍ਹਾਂ ਨਾਲ ਸ਼ਾਕਾਹਾਰ ਅਤੇ ਸੰਜਮੀ ਜੀਵਨ ਦਾ ਤਅਲਕ ਹੈ। ਸਿਹਤ ਦੀ ਸੁਰਖਿਆ ਲਈ ਚਾਹ, ਕਾਫ਼ੀ, ਕੋਕਾ ਕੋਲਾ ਆਦਿ ਸਮੇਤ ਨਲਕੇ ਦੇ ਪਾਣੀ ਦੇ ਵਿਵਰਜਤ ਕੀਤੇ ਗਏ ਹਨ। ਫ਼ਿਲਮਾਂ ਵੇਖਣ ਦੀ ਵੀ ਮਨਾਹੀ ਹੈ ਕਿਉਂਕਿ ਉਨ੍ਹਾਂ ਵਿਚ ਸਵੱਛ ਵਿਚਾਰਾਂ ਨੂੰ ਡੇਗਣ ਦਾ ਬੜਾ ਮਸਾਲਾ ਰਹਿੰਦਾ ਹੈ।

ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਥਾਈ-ਲੈਂਡ ਵਸਦੇ ਨਾਮਧਾਰੀਆਂ ਨੂੰ ਐਸੀ ਪ੍ਰੇਰਨਾ ਦਿੱਤੀ ਕਿ ਉਹ ਫ਼ਿਲਮਾਂ ਵੇਖਣੀਆਂ ਛੱਡ ਗਏ।

"ਸਤਿਗੁਰੂ ਜੀ ਦੇ ਉਪਦੇਸ਼ਾਂ ਦਾ ਬਾਅਦ ਵਿਚ ਯੂ. ਐਨ. ਓ. ਦੀ ਸਿਹਤ ਸੰਸਥਾ ਨੇ ਸਮਰਥਨ ਕੀਤਾ ਜਦੋਂ ਉਸ ਕਿਹਾ ਕਿ ਸਾਰੇ ਪੇਅ, ਚਾਹ-ਕਾਫ਼ੀ ਆਦਿ ਹਾਰਟ ਅਟੈਕ ਦਾ ਕਾਰਣ ਹਨ ਤੇ ਇਹ ਵੀ ਸਪਸ਼ਟ ਕੀਤਾ ਕਿ ਯੂਰਪ ਦੇ ਅਨੇਕਾਂ ਲੋਕਾਂ ਨੂੰ ਮਾਨਸਕ ਤਣਾਅ ਦਾ ਸਾਹਮਣਾ ਟੈਲੀਵੀਜ਼ਨ ਕਾਰਣ ਕਰਨਾ ਪੈ ਰਿਹਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜ਼ੋਰ ਦੇ ਕੇ ਕਿਹਾ : ਚਾਹ ਵਾਲਿਆਂ ਪਹਿਲਾਂ ਮੁਫ਼ਤ ਪਿਲਾ ਕੇ ਸ਼ੁਰੂਆਤ ਕੀਤੀ, ਹੁਣ ਸਲਾਨਾ ਕਈ ਕਰੋੜ ਰੁਪਏ ਪ੍ਰਾਪੇਗੰਡੇ ਤੇ ਖਰਚ ਕੀਤੇ ਜਾਂਦੇ ਹਨ, ਫੇਰ ਵੀ ਭਰਪੂਰ ਮੁਨਾਫ਼ਾ ਕਮਾਂਦੇ ਹਨ ਅਤੇ ਇਸ ਛੰਦ ਦਾ ਏਨਾ ਪ੍ਰਚਾਰ ਕੀਤਾ ਗਿਆ ਹੈ ਕਿ ਗਰਮ ਦੇਸ਼—ਅਰਬ ਮੁਲਕ—ਮਹਿੰਗੀ ਤੋਂ ਮਹਿੰਗੀ ਕੀਮਤ ਤਾਰ ਕੇ ਚਾਹ ਖਰੀਦਦੇ ਤੇ ਪੀਂਦੇ ਹਨ।

ਸਤਿਗੁਰੂ ਜੀ ਨੇ ਸਭਾ ਦੇ ਧਿਆਨ ਵਿਚ ਇਕ ਵਿਸ਼ੇਸ਼ ਗੱਲ ਇਹ ਲਿਆਂਦੀ ਕਿ ਰੋਗੀਆਂ ਨੂੰ ਖ਼ੂਨ ਦੇਣ ਦੀ ਜੋ ਡਾਕਟਰੀ ਕਿਰਿਆ ਕੀਤੀ ਜਾਂਦੀ ਹੈ, ਇਹ ਵੀ ਗ਼ੈਰ-ਕੁਦਰਤੀ ਹੈ ਕਿਉਂਕਿ ਜੇ ਹੋਰ ਜਾਨਵਰਾਂ ਦਾ ਤੇ ਮਨੁੱਖਾਂ ਦਾ ਮੂੰਹ ਨਾਲ ਲਹੂ ਪੀਣਾ ਅਯੋਗ ਹੈ ਤਾਂ ਇਕ ਮਨੁੱਖ ਦਾ ਲਹੂ ਦੂਜੇ ਮਨੁੱਖ ਅੰਦਰ ਸਰਿੰਜ ਨਾਲ ਘਲਣਾ ਵੀ ਉਨਾ ਹੀ ਅਪਵਿਤਰ ਹੈ।

ਵਿਦੇਸ਼ੀ ਤੇ ਗ਼ੈਰ-ਪੰਜਾਬੀ ਡੈਲੀਗੇਟਾਂ ਲਈ ਸਤਿਗੁਰੂ ਜੀ ਦੇ ਕਥਨ ਦਾ ਸੰਖੇਪ ਅੰਗਰੇਜ਼ੀ ਵਿਚ ਸ੍ਰੀ ਸਵਰਨ ਸਨੇਹੀ ਨੇ ਸੁਣਾਇਆ। ਸਤਿਗੁਰੂ ਜੀ ਵਾਲੇ ਭਾਸ਼ਨ ਦੀ ਸ਼ਬਦਾਵਲੀ ਤੇ ਦਿਲਚਸਪ ਵਿਉਂਤ ਭਾਵੇਂ ਸਰੋਤਿਆਂ ਤਕ ਨਾ ਅਪੜੀ ਪਰ ਮੋਟੀ ਮੋਟੀ ਗੱਲ ਸਾਹਵੇਂ ਆ ਗਈ।

ਉਪਰੰਤ ਦਿੱਲੀ ਦੇ ਚੀਫ਼ ਐਗਜ਼ੈਕਟਿਵ ਕੌਂਸਲਰ ਸ੍ਰੀ ਕਿਦਾਰ ਨਾਥ ਸਾਹਨੀ ਵਲੋਂ ਲਉਢੇ ਵੇਲੇ ਦੀ ਚਾਹ ਸੀ, ਜਿਸ ਲਈ ਪ੍ਰਾਹੁਣੇ ਕੁਝ ਸਵਾਲਾਂ-ਜਵਾਬਾਂ ਪਿਛੋਂ ਉਠ ਗਏ।

ਸਤਿਗੁਰੂ ਜੀ ਸ੍ਰੀ ਅਡਵਾਨੀ ਨਾਲ ਕੁਝ ਚਿਰ ਗੱਲ-ਬਾਤ ਕਰਦੇ ਰਹੇ। ਫਿਰ ਡੈਲੀਗੇਟਾਂ ਨੂੰ ਮਿਲਦੇ ਮਿਲਾਂਦੇ ਹੇਠਲੇ ਹਾਲ ਵਿਚ ਪਧਾਰੇ ਜਿਥੇ ਬੈਠਣ ਦਾ ਪ੍ਰਬੰਧ ਸੀ, ਪਰ ਛੇਤੀ ਹੀ ਹੰਸਪਾਲ ਨੂੰ—ਸਾਨੂੰ ਨਾਲ ਲੈਕੇ ਕੋਠੀ ਆਉਣ ਦਾ ਆਦੇਸ਼ ਦੇ ਆਪ ਪੂਸਾ ਰੋਡ ਚਲੇ ਗਏ।

ਕੋਠੀ ਆਉਂਦਿਆਂ ਵੇਖਿਆ ਕਿ ਸ: ਰਾਜਾ ਸਿੰਘ ਦੇ ਆਦਮੀ ਕੋਠੀ ਦਾ ਸੜਕ ਵੱਲ ਦਾ ਛੱਡਿਆ ਪਾਸਾ ਕਨਾਤਾਂ ਵਗੈਰਾ ਨਾਲ ਸਜਾ ਰਹੇ ਸਨ ਤੇ ਸ: ਸੇਵਾ ਸਿੰਘ (ਨਾਮਧਾਰੀ ਏਜੰਸੀ) ਕਾਗਜ਼ਾਂ ਦੇ ਫੁੱਲਾਂ ਨਾਲ ਡਾਇਨਿੰਗ ਹਾਲ ਮਟਕਾ ਰਹੇ ਸਨ।

(ਚਲਦਾ)



Sri Satguru Jagjit Singh Ji Elibrary NamdhariElibrary@gmail.com

ੴ ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ।


# ASOKA BISCUIT




ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones : 565693
562588

***Sri Hari Partap Trading Centre***

**6/85 W. E. A. KAROL BAGH**

**NEW DELHI-110005**




Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM July 19
Registered with the registrar of News Papers for India No. 26453/75

WITH BEST COMPLIMENTS FROM :

H. O. Phone : 5151

# Harbhajan Sarbjeet & Associates

CIVIL ENGINEERING CONTRACTORS

H. O. 562/6 Ramgarh Colony,

Kanpur Road, LUCKNOW—5 (U. P.)

**Branches :**

Bunglow No. 2
S B. H. Officers Colony
Opp. Govt. Milk Scheme
AURANGABAD (M.S.)
Phone : 3587

S. E. G. L. Project
Central Railway
P. O. Karjat
Distt. Colaba (M.S.)

Upper Penganga Project
P O. Waranga
TQ. Kalamnuri
Distt. Parbhani (M.S.)

Thermal Power Project
Sakatpura
KOTA-8 (Rajasthan)
Phone : 3364

**Works in Hand**

Construction of Paithan Right bank Canal
Jayakwadi Project
AURANGABAD (M.S.)
Costing Rs. 3.20 Crores

Construction of Central Railways Project
in between Karjat & Lonavala (Bombay)
Costing Rs. 1.13 Crores

Construction of Waranga Tunnel
2 5 km. long on Upper Penganga Project
NANDED (M.S.)
Costing Rs. 2.33 Crores

Excavation of Road Cutting for
Thermal Power Station, Kota
Costing Rs. 1. 67 Crores.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jullundur-144001.
Sri Satguru Jagjit Singh Ji Elibrary NamdhariElibrary@gmail.com